


Friday, June 14, 2024

# ਪੰਜਾਬੀ ਜਰਨਲ
# PUNJABI JOURNAL

ਹਾੜ 1, ਨਾਨਕਸ਼ਾਹੀ ਸੰਮਤ: 555 | Volume: 17, Issue: 24 | Ph: 604-507-8009
www.punjabijournal.ca, Email: punjabijournal@gmail.com



ਪੰਜਾਬੀ ਸੰਗੀਤ ਦਾ ਸਿਰਤਾਜ ਹੈ ਸਤਿੰਦਰ ਪੰਨਾ 22

ਅਯੁੱਧਿਆ ’ਚ ਭਾਜਪਾ ਕਿਉਂ ਹਾਰੀ? ਪੰਨਾ 10







## ਮੈਂ ਪਿਛਲੇ ਸਾਲ ਅਸਤੀਫਾ ਦੇਣ ਦਾ ਮਨ ਬਣਾ ਲਿਆ ਸੀ: ਟਰੂਡੋ

**ਓਟਾਵਾ**: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹੈਰਾਨੀਜਨਕ ਖੁਲਾਸਾ ਕਰਦਿਆਂ ਕਿਹਾ ਹੈ ਕਿ ਪਿਛਲੇ ਸਾਲ ਉਨ੍ਹਾਂ ਨੇ ਅਸਤੀਫ਼ਾ ਦੇਣ ਦਾ ਮਨ ਬਣਾ ਲਿਆ ਸੀ ਜਦੋਂ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਵਿਚ ਤਰੇੜਾਂ ਆਉਣ ਲੱਗੀਆਂ। ‘ਰੀਥਿੰਕਿੰਗ ਪੌਡਕਾਸਟ’ ਦੇ ਇਕ ਐਪੀਸੋਡ ਦੌਰਾਨ ਟਰੂਡੋ ਨੂੰ ਜਦੋਂ ਪੁੱਛਿਆ ਗਿਆ ਕਿ ਕੀ ਉਹ ਅਹੁਦਾ ਛੱਡਣ ਬਾਰੇ ਸੋਚ ਰਹੇ ਹਨ ਤਾਂ ਉਨ੍ਹਾਂ ਕਿਹਾ, ‘‘ਨਹੀਂ, ਇਸ ਵੇਲੇ ਬਿਲਕੁਲ ਵੀ ਨਹੀਂ।’’ ਪਰ ਨਾਲ ਹੀ ਮੰਨਿਆ ਕਿ ਪਿਛਲੇ ਸਾਲ ਪਰਿਵਾਰਕ ਜ਼ਿੰਦਗੀ ਵਿਚ ਸਮੱਸਿਆਵਾਂ ਆਉਣ ’ਤੇ ਉਹ ਕੁਰਸੀ ਛੱਡਣਾ ਚਾਹੁੰਦੇ ਸਨ।



ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਜਦੋਂ ਤੁਸੀਂ ਵੱਡੀਆਂ ਜ਼ਿੰਮੇਵਾਰੀਆਂ ਵਾਲਾ ਕੰਮ ਕਰ ਰਹੇ ਹੁੰਦੇ ਹੋ ਤਾਂ ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਕਮੀ ਨਾ ਰਹਿ ਜਾਵੇ ਅਤੇ ਤੁਸੀਂ ਪੂਰੀ ਸਮਰੱਥਾ ਨਾਲ ਕੰਮ ਕਰੋ। ਬਤੌਰ ਪ੍ਰਧਾਨ ਮੰਤਰੀ ਭਾਵੇਂ ਕੁਝ ਸਾਲ ਹੀ ਲੰਘੇ ਹਨ ਪਰ ਪਹਿਲਾਂ ਦੇ ਮੁਕਾਬਲੇ ਹਾਲਾਤ ਮੁਸ਼ਕਲ ਹੋ ਚੁੱਕੇ ਹਨ। ਜਸਟਿਨ ਟਰੂਡੋ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਉਹ ਕੈਨੇਡੀਅਨਜ਼ ਵੱਲੋਂ ਕੀਤੀ ਜਾ ਰਹੀ ਨੁਕਤਾਚੀਨੀ ਨਾਲ ਕਿਵੇਂ ਨਜਿੱਠਦੇ ਹਨ ਤਾਂ ਉਨ੍ਹਾਂ ਕਿਹਾ, ‘‘ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਮੈਨੂੰ ਕਿੰਨਾ ਨਾਪਸੰਦ ਕਰਦਾ ਹੈ। ਮੈਂ ਹੁਣ ਵੀ ਮੁਲਕ ਦੇ ਲੋਕਾਂ, ਉਨ੍ਹਾਂ ਦੇ ਬੱਚਿਆਂ ਜਾਂ ਸਮਾਜ ਦੀ ਬਿਹਤਰੀ ਲਈ ਕੰਮ ਕਰਨ ਦੇ ਯਤਨ ਕਰ ਰਿਹਾ ਹਾਂ।’’

ਪੌਡਕਾਸਟ ’ਤੇ ਜਸਟਿਨ ਟਰੂਡੋ ਦੀ ਮੌਜੂਦਗੀ ਬਾਰੇ ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਲਿਬਰਲ ਪਾਰਟੀ ਨੌਜਵਾਨਾਂ ਵੋਟਰਾਂ ਨੂੰ ਆਪਣੇ ਹੱਕ ਵਿਚ ਕਰਨਾ ਚਾਹੁੰਦੀ ਹੈ। ਦੱਸ ਦੇਈਏ ਕਿ 2015 ਵਿਚ ਲਿਬਰਲ ਪਾਰਟੀ ਦੀ ਜਿੱਤ ਨੌਜਵਾਨ ਵੋਟਰਾਂ ਸਦਕਾ ਹੀ ਸੰਭਵ ਹੋ ਸਕੀ ਸੀ ਪਰ ਹਾਲ ਹੀ ਵਿਚ ਆਏ ਸਰਵੇਖਣਾਂ ਮੁਤਾਬਕ ਨੌਜਵਾਨ ਵੋਟਰਾਂ ਦਾ ਝੁਕਾਅ ਕੰਜ਼ਰਵੇਟਿਵ ਪਾਰਟੀ ਵੱਲ ਨਜ਼ਰ ਆ ਰਿਹਾ ਹੈ। ਲਿਬਰਲ ਪਾਰਟੀ ਦੇ ਤਜਰਬੇ ਦੀ ਪਰਖ ਟੋਰਾਂਟੋ-ਸੇਂਟ ਪੌਲ ਪਾਰਲੀਮਾਨੀ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਹੋ ਜਾਵੇਗੀ, ਜਿਥੇ 24 ਜੂਨ ਨੂੰ ਵੋਟਾਂ ਪੈਣੀਆਂ ਹਨ। ਇਥੇ ਦੱਸਣਾ ਬਣਦਾ ਹੈ ਕਿ ਜਸਟਿਨ ਟਰੂਡੋ ਨੇ ਮਾਰਚ ਵਿਚ ਰੇਡੀਓ ਕੈਨੇਡਾ ਨਾਲ ਇੰਟਰਵਿਊ ਦੌਰਾਨ ਕਿਹਾ ਸੀ ਕੁਰਸੀ ਛੱਡਣ ਦਾ ਖਿਆਲ ਰੋਜ਼ਾਨਾ ਉਨ੍ਹਾਂ ਦੇ ਮਨ ਵਿਚ ਆਉਂਦਾ ਹੈ ਪਰ ਉਹ ਅਜਿਹੇ ਇਨਸਾਨ ਨਹੀਂ ਕਿ ਸੰਘਰਸ਼ ਨੂੰ ਇਸ ਪੜਾਅ ’ਤੇ ਛੱਡ ਕੇ ਲਾਂਭੇ ਹੋ ਜਾਣ। ਟਰੂਡਾ ਦਾ ਕਹਿਣਾ ਸੀ ਕਿ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਨਿਭਾਉਣ ਲਈ ਆਪਣਾ ਆਪ ਕੁਰਬਾਨ ਕਰਨਾ ਪੈਂਦਾ ਹੈ ਅਤੇ ਇਹ ਬਿਲਕੁਲ ਵੀ ਸੌਖਾ ਨਹੀਂ।

ਟਰੂਡੋ ਨੇ ਸਾਫ ਲਫਜ਼ਾਂ ਵਿਚ ਆਖ ਦਿਤਾ ਸੀ ਕਿ ਉਹ ਅਗਲੀਆਂ ਚੋਣਾਂ ਤੱਕ ਅਸਤੀਫ਼ਾ ਨਹੀਂ ਦੇਣਗੇ। ਕੈਨੇਡਾ ਵਿਚ ਅਗਲੀਆਂ ਆਮ ਚੋਣਾਂ ਅਕਤੂਬਰ 2025 ਵਿਚ ਹੋਣੀਆਂ ਹਨ। ਭਾਵੇਂ ਲਿਬਰਲ ਪਾਰਟੀ ਕੋਲ ਹਾਊਸ ਆਫ ਕਾਮਨਜ਼ ਵਿਚ ਪੂਰਨ ਬਹੁਮਤ ਨਹੀਂ ਪਰ ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨ.ਡੀ.ਪੀ. ਨਾਲ ਹੋਏ ਸਮਝੌਤੇ ਦੇ ਮੱਦੇਨਜ਼ਰ ਸਰਕਾਰ ਲਈ ਕੋਈ ਖਤਰਾ ਮਹਿਸੂਸ ਨਹੀਂ ਹੁੰਦਾ। ਟਰੂਡੋ ਪਿਛਲੇ ਸਾਲ ਅਗਸਤ ਵਿਚ ਆਪਣੀ ਪਤਨੀ ਸੋਫੀ ਤੋਂ ਵੱਖ ਹੋ ਗਏ ਸਨ ਅਤੇ ਤਿੰਨ ਬੱਚੇ ਹੁਣ ਵਾਰੋ ਵਾਰੀ ਆਪਣਾ ਵੱਖ ਹੋ ਚੁੱਕੇ ਮਾਤਾ-ਪਿਤਾ ਕੋਲ ਰਹਿੰਦੇ ਹਨ। ਟਰੂਡੋ ਦਾ ਵਿਆਹ 2005 ਵਿਚ ਹੋਇਆ ਅਤੇ ਉਹ 18 ਸਾਲ ਬਾਅਦ ਪਤਨੀ ਤੋਂ ਵੱਖ ਹੋ ਗਏ। ਸਾਲ 2020 ਵਿਚ ਆਪਣੀ ਵਿਆਹ ਵਰ੍ਹੇਗੰਢ ਮੌਕੇ ਪ੍ਰਧਾਨ ਮੰਤਰੀ ਟਰੂਡੋ ਨੇ ਕਿਹਾ ਸੀ ਕਿ ਉਨ੍ਹਾਂ ਦੀ ਪਤਨੀ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਸਹਾਇਕ ਹੈ ਪਰ ਤਲਾਕ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਗੰਭੀਰ ਵਿਚਾਰ ਵਟਾਂਦਰੇ ਤੋਂ ਬਾਅਦ ਹੀ ਇਹ ਫ਼ੈਸਲਾ ਲਿਆ।

## ਮਸਕੂਈ ਰੁੰਗਸੁੰਗ ਵੈਨਕੂਵਰ ਦੇ ਭਾਰਤੀ ਕੌਂਸਲ ਜਨਰਲ ਨਿਯੁਕਤ



**ਸਰੀ**: ਭਾਰਤ ਸਰਕਾਰ ਨੇ ਭਾਰਤੀ ਵਿਦੇਸ਼ ਸੇਵਾ ਦੇ ਸੀਨੀਅਰ ਅਧਿਕਾਰੀ ਮਸਕੂਈ ਰੁੰਗਸੁੰਗ ਨੂੰ ਵੈਨਕੂਵਰ ਦਾ ਭਾਰਤੀ ਕੌਂਸਲ ਜਨਰਲ ਨਿਯੁਕਤ ਕੀਤਾ ਹੈ ਉਹ ਕੌਂਸਲ ਜਨਰਲ ਮਨੀਸ਼ ਦੀ ਥਾਂ ਲੈਣਗੇ ਜਿਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਸਾਈਪਰਸ ਦਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ, ਮਸਕੁਈ ਰੁੰਗਸੁੰਗ ਦੀ ਨਿਯੁਕਤੀ 3 ਸਾਲ ਵਾਸਤੇ ਕੀਤੀ ਗਈ ਹੈ: ਦਿੱਲੀ ਯੂਨੀਵਰਸਿਟੀ ਤੋਂ ਅੰਗਰੇਜ਼ੀ ‘ਚ ਮਾਸਟਰ ਪਾਸ ਮਸਕੂਈ ਰੁੰਗਸੁੰਗ ਸੰਨ 2001 ਤੋਂ ਭਾਰਤੀ ਵਿਦੇਸ਼ ਸੇਵਾ ‘ਚ ਸੇਵਾਵਾਂ ਨਿਭਾਅ ਰਹੇ ਹਨ: 1999 ਤੋਂ 2001 ਤੱਕ ਉਨ੍ਹਾਂ ਰਿਜ਼ਰਵ ਬੈਂਕ ਆਫ਼ ਇੰਡੀਆ ‘ਚ ਸੇਵਾਵਾਂ ਨਿਭਾਈਆਂ ਫਿਰ ਉਹ ਜਕਾਰਤਾ ਤੇ ਢਾਕਾ ਵਿਖੇ ਸਕੱਤਰ ਤੇ ਕੌਂਸਲ ਰਹੇ, 2009 ਤੋਂ 2011 ਤੱਕ ਉਹ ਜੌਹਨਸਬਰਗ ਵਿਖੇ ਭਾਰਤੀ ਕੌਂਸਲ ਜਨਰਲ ਰਹੇ ਮਸਕੂਈ ਰੁੰਗਸੁੰਗ ਮਈ 2016 ਤੋਂ 4 ਜੂਨ 2024 ਤੱਕ ਜ਼ਿੰਬਾਬਵੇ ਤੇ ਜਮਾਇਕਾ ‘ਚ ਭਾਰਤ ਦੇ ਹਾਈ ਕਮਿਸ਼ਨਰ ਰਹੇ: ਅੱਜ ਉਨ੍ਹਾਂ ਵੈਨਕੂਵਰ ‘ਚ ਭਾਰਤੀ ਕੌਂਸਲ ਜਨਰਲ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।

## ਕੈਨੇਡਾ ਬਾਰਡਰ ਮੁਲਾਜ਼ਮਾਂ ਦਾ ਫੈਡਰਲ ਸਰਕਾਰ ਨਾਲ ਹੋਇਆ ਸਮਝੌਤਾ

**ਟੋਰਾਂਟੋ**: ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਮੁਲਜ਼ਮਾਂ ਅਤੇ ਫੈਡਰਲ ਸਰਕਾਰ ਵਿਚਾਲੇ ਸਮਝੌਤਾ ਹੋ ਗਿਆ ਹੈ ਅਤੇ ਸਰਹੱਦੀ ਲਾਂਘੇ ਦੇ ਬੰਦ ਹੋਣ ਦਾ ਖਦਸ਼ਾ ਪੱਕੇ ਤੌਰ ’ਤੇ ਟਲ ਚੁੱਕਾ ਹੈ। ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ ਨੇ ਕਿਹਾ ਕਿ ਲਗਾਤਾਰ ਯਤਨ ਮਗਰੋਂ ਆਖਰਕਾਰ ਦੋਵੇਂ ਧਿਰਾਂ ਸਮਝੌਤੇ ’ਤੇ ਸਹਿਮਤ ਹੋ ਗਈਆਂ। ਕੋਈ ਸਮਝੌਤਾ ਨਾ ਹੋਣ ਦੀ ਸੂਰਤ ਵਿਚ ਬਾਰਡਰ ਮੁਲਾਜ਼ਮਾਂ ਦੀ ਯੂਨੀਅਨ ਵੱਲੋਂ ਸ਼ੁੱਕਰਵਾਰ ਤੋਂ ਹੜਤਾਲ ’ਤੇ ਜਾਣ ਦਾ ਐਲਾਨ ਕੀਤਾ ਗਿਆ ਸੀ।

ਯੂਨੀਅਨ ਦੇ ਕੌਮੀ ਪ੍ਰਧਾਨ ਸ਼ੈਰਨ ਡੀਸੂਜ਼ਾ ਨੇ ਤਾਜ਼ਾ ਘਟਨਾਕ੍ਰਮ ਨੂੰ ਮੁਲਾਜ਼ਮਾਂ ਦੀ ਵੱਡੀ ਜਿੱਤ ਕਰਾਰ ਦਿਤਾ। ਯੂਨੀਅਨ ਵੱਲੋਂ ਫੈਡਰਲ ਸਰਕਾਰ ਨਾਲ ਹੋਏ ਸਮਝੌਤੇ ਦੇ ਵੇਰਵੇ ਬਾਅਦ ਵਿਚ ਜਨਤਕ ਕੀਤੇ ਜਾਣਗੇ। ਉਧਰ ਕੈਨੇਡਾ ਦੇ ਖਜ਼ਾਨਾ ਬੋਰਡ ਨੇ ਕਿਹਾ ਕਿ ਕਈ ਘੰਟੇ ਤੱਕ ਹੋਈ ਗੱਲਬਾਤ ਮਗਰੋਂ ਮੁਲਾਜ਼ਮਾਂ ਲਈ ਵਾਜਬ ਸਮਝੌਤੇ ਦਾ ਰਾਹ ਪੱਧਰਾ ਹੋ ਗਿਆ। ਸਮਝੌਤੇ ਵਿਚ ਤਨਖਾਹਾਂ ਵਧਾਉਣ ਸਣੇ ਹੋਰ ਕਈ ਸ਼ਰਤਾਂ ਪ੍ਰਵਾਨ ਕੀਤੀਆਂ ਗਈਆਂ ਹਨ, ਜਿਨ੍ਹਾਂ ਬਾਰੇ ਫਿਲਹਾਲ ਦੱਸਣਾ ਸੰਭਵ ਨਹੀਂ। ਇੱਥੇ ਦੱਸ ਦਈਏ ਕਿ ਤਿੰਨ ਸਾਲ ਪਹਿਲਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਮੁਲਾਜ਼ਮਾਂ ਦੀ ਹੜਤਾਲ ਨੇ ਟਰੱਕਾਂ ਦੀ ਆਵਾਜਾਈ ਤਕਰੀਬਨ ਠੱਪ ਕਰ ਦਿਤੀ ਸੀ ਅਤੇ ਆਮ ਲੋਕਾਂ ਨੂੰ ਵੀ ਬਾਰਡਰ ਪਾਰ ਕਰਨ ਲੀ ਕਈ ਕਈ ਘੰਟੇ ਉਡੀਕ ਕਰਨੀ ਪਈ।




SABZI MANDI SUPERMARKET



Chal Chaliye Sabzi Mandi Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ


KVP ENTERTAINERS PRESENTS...
SALIM SULAIMAN
RAJ Pandit
SIMRAN Choudhary
VIPUL Mehta
CANADA TOUR
2024
SUN 30TH JUNE 2024
QUEEN ELIZABETH THEATRE, VANCOUVER
DOORS @ 6PM
CONCERT @7PM
V·TIX ONLINE
Tickets: $35,45,55,65,75,100,150,200 + F.C . + S.C
CALL KAMAL SHARMA @ (604)833-1977 FOR INFORMATION & SPONSORSHIP

# PUNJABI JOURNAL

SW MEDIA GROUP

Volume: 17, Issue: 24 || Ph: 604-507-8009, FAX:1-855-796-3342 || Friday, June 14, 2024


# ਕੈਪੀਟਲ ਗੇਨ ਟੈਕਸ ਵਿੱਚ ਪ੍ਰਸਤਾਵਿਤ ਬਦਲਾਅ ਹਾਉਸ ਆਫ ਕਾਮਨਜ਼ ਵਿਚ ਪਾਸ

**ਓਟਵਾ**: ਲਿਬਰਜ਼ ਨੇ ਕੈਪੀਟਲ ਗੇਨ ਟੈਕਸ ਵਿੱਚ ਪ੍ਰਸਤਾਵਿਤ ਬਦਲਾਵਾਂ ਨੂੰ ਮੰਗਲਵਾਰ ਨੂੰ ਹਾਉਸ ਆਫ ਕਾਮਨਜ਼ ਵਿਚ ਪਾਸ ਕਰ ਦਿੱਤਾ, ਜਿਸ ਨਾਲ ਫੈਡਰਲ ਸਰਕਾਰ ਲਈ ਜਾਇਦਾਦ ਜਾਂ ਨਿਵੇਸ਼ ਦੀ ਵਿਕਰੀ ਉੱਤੇ ਕੈਨੇਡੀਅਨ ਲੋਕਾਂ ਦੁਆਰਾ ਭੁਗਤਾਨ ਕੀਤੀ ਜਾਣ ਵਾਲੀ ਟੈਕਸ ਦੀ ਰਾਸ਼ੀ ਵਿੱਚ ਵਾਧੇ ਦਾ ਰਾਹ ਸਾਫ਼ ਹੋ ਗਿਆ ਹੈ।



ਬਦਲਾਅ 25 ਜੂਨ ਤੋਂ ਪ੍ਰਭਾਵੀ ਹੋਣਗੇ। ਸਟਾਕ ਜਾਂ ਸੈਕੰਡਰੀ ਸੰਪੱਤੀਆਂ ਦੇ ਮਾਧਿਅਮ ਨਾਲ 250,000 ਡਾਲਰ ਤੋਂ ਜ਼ਿਆਦਾ ਕਮਾਉਣ ਵਾਲੇ ਕੈਨੇਡੀਅਨ ਲੋਕਾਂ ਲਈ ਕੈਪੀਟਲ ਗੇਨ ’ਤੇ ਪ੍ਰਾਪਤ ਵਿਆਜ ਦਰ ਮੌਜੂਦਾ 50 ਫ਼ੀਸਦੀ ਤੋਂ ਵਧਕੇ 67 ਫ਼ੀਸਦੀ ਹੋ ਜਾਵੇਗੀ।

ਹਾਲਾਂਕਿ ਇਸਨੂੰ ਪਹਿਲੀ ਵਾਰ ਅਪ੍ਰੈਲ ਵਿੱਚ ਲਿਆਂਦਾ ਗਿਆ ਸੀ, ਇਸ ਲਈ ਕਈ ਕਾਰੋਬਾਰੀ ਸਮੂਹਾਂ ਨੇ ਪ੍ਰਸਤਾਵਾਂ ਦੀ ਆਲੋਚਨਾ ਕੀਤੀ ਹੈ, ਜਿਸ ਵਿਚ ਕੈਨੇਡੀਅਨ ਚੈਂਬਰ ਆਫ ਕਾਮਰਸ, ਕੈਨੇਡੀਅਨ ਫੈਡਰੇਸ਼ਨ ਆਫ ਇੰਡਿਪੈਂਡੇਂਟ ਬਿਜਨੈੱਸ, ਕੈਨੇਡੀਅਨ ਨਿਰਮਾਤਾਵਾਂ ਅਤੇ ਨਿਰਿਆਤਕਾਂ ਅਤੇ ਕਈ ਹੋਰ ਸੰਗਠਨਾਂ ਦਾ ਇੱਕ ਸੰਯੁਕਤ ਪੱਤਰ ਸ਼ਾਮਿਲ ਹੈ।

ਪੱਤਰ ਵਿੱਚ ਕਿਹਾ ਗਿਆ ਹੈ, ਇਹ ਉਪਾਅ ਸਾਰੇ ਪੀੜੀਆਂ ਲਈ ਮੌਕਿਆਂ ਨੂੰ ਸੀਮਤ ਕਰ ਦੇਵੇਗਾ ਅਤੇ ਕੈਨੇਡਾ ਨੂੰ ਘੱਟ ਪ੍ਰਤੀਯੋਗੀ ਅਤੇ ਘੱਟ ਨਵੀਨਤਾਕਾਰ ਦੇਸ਼ ਬਣਾ ਦੇਵੇਗਾ ।

ਵਿਰੋਧ ਹੁੰਦਾ ਦੇਖਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 13 ਮਈ ਨੂੰ ਸੋਸ਼ਲ ਮੀਡਿਆ ਉੱਤੇ ਇੱਕ ਵੀਡੀਓ ਜਾਰੀ ਕੀਤਾ, ਜਿਸ ਵਿੱਚ ਦੱਸਿਆ ਗਿਆ ਕਿ ਬਦਲਾਅ ਨਾਲ ਸਿਰਫ ਇੱਕ ਫੀਸਦੀ ਤੋਂ ਵੀ ਘੱਟ ਲੋਕ ਪ੍ਰਭਾਵਿਤ ਹੋਣਗੇ ।

ਟਰੂਡੋ ਨੇ ਵੀਡੀਓ ਵਿੱਚ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਅਜਿਹੇ ਸਮੇਂ ਵਿੱਚ ਜਦੋਂ ਸਭਤੋਂ ਅਮੀਰ ਅਤੇ ਅਮੀਰ ਹੁੰਦੇ ਜਾ ਰਹੇ ਉਨ੍ਹਾਂ ਲੋਕਾਂ ਨੂੰ ਥੋੜ੍ਹਾ ਜ਼ਿਆਦਾ ਭੁਗਤਾਨ ਕਰਣ ਲਈ ਕਹਿਣਾ ਉਚਿਤ ਹੈ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਬਦਲਾਵਾਂ ਦੇ ਨਤੀਜੇ ਵਜੋਂ ਨਵਾਂ ਮਾਲੀਏ ਵਿਚ ਲਗਭਗ 20 ਬਿਲੀਅਨ ਡਾਲਰ ਦਾ ਯੋਗਦਾਨ ਹੋਵੇਗਾ। ਪੰਜ ਸਾਲਾਂ ਵਿੱਚ 19.7 ਬਿਲੀਅਨ ਡਾਲਰ, ਸਟੀਕ ਰੂਪ ਤੋਂ ਜੋਕਿ ਕਿਫਾਇਤੀ ਆਵਾਸ ਵਿਚ ਨਿਵੇਸ਼ ਲਈ ਜਾਵੇਗਾ।

ਪਰ ਸਰਕਾਰ ਦੇ ਦਾਅਵੇ ਕਿੰਨੇ ਠੀਕ ਹਨ ? ਇਹ ਸਭ ਆਉਣ ਵਾਲੇ ਸਮੇਂ ’ਚ ਪਤਾ ਲਗੇਗਾ।

# ਪੋਲੀਏਵਰ ਨੇ ਹਾਉਸ ਆਫ ਕਾਮਨਜ਼ ਵਿੱਚ ਲਿਬਰਲਜ਼ ਦੇ ਉੱਚ ਟੈਕਸ ਏਜੰਡੇ ਦੀ ਕੀਤੀ ਆਲੋਚਨਾ

**ਓਟਵਾ**: ਬੀਤੇ ਦਿਨ ਕੰਜ਼ਰਵੇਟਿਵ ਨੇਤਾ ਪਿਅਰੇ ਪੋਲੀਏਵਰ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਸਰਕਾਰ ਵਲੋਂ ਪ੍ਰਸਤਾਵਿਤ ਕੈਪੀਟਲ ਗੇਨ ਸਮਾਵੇਸ਼ਨ ਦਰ ਵਾਧੇ ਦਾ ਵਿਰੋਧ ਕਰੇਗੀ। ਇਸ ਵਾਧੇ ਨਾਲ ਲਗਭਗ 19 ਬਿਲਿਅਨ ਡਾਲਰ ਦਾ ਨਵਾਂ ਮਾਲੀਆ ਮਿਲਣ ਦਾ ਅਨੁਮਾਨ ਹੈ।

ਬਜਟ ਪੇਸ਼ ਕੀਤੇ ਜਾਣ ਤੋਂ ਕੁੱਝ ਹਫ਼ਤੇ ਬਾਅਦ, ਪੋਲੀਏਵਰ ਨੇ ਆਪਣਾ ਰੁਖ਼ ਸਪੱਸ਼ਟ ਕਰ ਦਿੱਤਾ ਜਦੋਂ ਉਨ੍ਹਾਂ ਨੇ ਲਿਬਰਲਜ਼ ਦੀ ਯੋਜਨਾ ਅਤੇ ਉਨ੍ਹਾਂ ਦੇ ਕਥਿਤ ਉੱਚ ਟੈਕਸ ਏਜੰਡੇ ਦੀ ਆਲੋਚਨਾ ਕਰਣ ਲਈ ਹਾਉਸ ਆਫ ਕਾਮਨਜ਼ ਵਿੱਚ ਖੜ੍ਹੇ ਹੋਏ।



ਪੋਲੀਏਵਰ ਦੀ ਟੀਮ ਨੇ ਨੇਤਾ ਵੱਲੋਂ 15 ਮਿੰਟ ਦੀ ਸੋਸ਼ਲ ਮੀਡਿਆ ਵੀਡੀਓ ਵੀ ਜਾਰੀ ਕੀਤੀ, ਜਿਸ ਵਿੱਚ ਦੱਸਿਆ ਗਿਆ ਕਿ ਪਾਰਟੀ ਇੱਕ ਅਜਿਹੀ ਨੀਤੀ ਖਿਲਾਫ ਕਿਉਂ ਖੜ੍ਹੀ ਹੈ ਜੋ ਅਮੀਰ ਲੋਕਾਂ ਅਤੇ ਵੱਡੀ ਕੰਪਨੀਆਂ ਨੂੰ ਅਸਮਾਨ ਰੂਪ ਨਾਲ ਪ੍ਰਭਾਵਿਤ ਕਰਦੀ ਹੈ। ਪੋਲੀਏਵਰ ਨੇ ਵੀਡੀਓ ਵਿੱਚ ਕਿਹਾ, ਕਾਰੋਬਾਰ, ਨੌਕਰੀਆਂ , ਡਾਕਟਰ ਅਤੇ ਖਾਦ ਉਤਪਾਦਨ ਕੈਨੇਡਾ ਤੋਂ ਬਾਹਰ ਹੋ ਜਾਣਗੇ।

ਸਰਕਾਰ ਨੇ ਪ੍ਰਤੀ ਸਾਲ 250,000 ਡਾਲਰ ਤੋਂ ਜ਼ਿਆਦਾ ਕੈਪੀਟਲ ਗੇਨ ਅਤੇ ਨਿਗਮਾਂ ਅਤੇ ਟਰਸਟਾਂ ਤੋਂ ਪ੍ਰਾਪਤ ਸਾਰੇ ਕੈਪੀਟਲ ਗੇਨਜ਼ ’ਤੇ ਕੈਪੀਟਲ ਗੇਨ ਸਮਾਵੇਸ਼ਨ ਦਰ ਨੂੰ ਅੱਧੇ ਤੋਂ ਵਧਾਕੇ ਦੋ ਤਿਹਾਈ ਕਰਣ ਲਈ ਕਾਨੂੰਨ ਪੇਸ਼ ਕੀਤਾ ਹੈ।

ਪੋਲੀਏਵਰ ਨੇ ਇਹ ਵੀ ਕਿਹਾ ਕਿ ਕੁੱਝ ਕਿਸਾਨ ਆਪਣੇ ਜੱਦੀ ਖੇਤ ਨੂੰ ਵੇਚਣ ਉੱਤੇ ਉੱਚ ਟੈਕਸਾਂ ਲਈ ਜ਼ਿੰਮੇਦਾਰ ਹੋ ਸਕਦੇ ਹਨ। ਕੈਨੇਡਾ ਦੇ ਅਨਾਜ ਉਤਪਾਦਕਾਂ ਨੇ ਅਨੁਮਾਨ ਲਗਾਇਆ ਹੈ ਕਿ ਸਮਾਵੇਸ਼ਨ ਦਰ ਵਿੱਚ ਵਾਧੇ ਨਾਲ ਉਸਦੇ ਕੁੱਝ ਮੈਂਬਰਾਂ ਦੁਆਰਾ ਭੁਗਤਾਨ ਕੀਤੇ ਜਾਣ ਵਾਲੇ ਔਸਤਨ ਟੈਕਸ ਵਿਚ 30 ਫ਼ੀਸਦੀ ਵਾਧਾ ਹੋਵੇਗਾ।

ਪੋਲੀਏਵਰ ਨੇ ਕਿਹਾ ਕਿ ਨੌਕਰੀ ਖਤਮ ਕਰਣ ਵਾਲਾ ਇਹ ਟਰੂਡੋ ਟੈਕਸ ਸਾਡੇ ਦੇਸ਼ ਵਿਚੋਂ ਅਰਬਾਂ ਡਾਲਰ ਦੀਆਂ ਮਸ਼ੀਨਾਂ, ਤਕਨੀਕ, ਕਾਰੋਬਾਰ ਅਤੇ ਪੇਅਚੇਕ ਨੂੰ ਬਾਹਰ ਕਰ ਦੇਵੇਗਾ। ਉਨ੍ਹਾਂ ਨੇ ਸਾਬਕਾ ਲਿਬਰਲ ਵਿੱਤ ਮੰਤਰੀ ਬਿਲ ਮੋਰਨੇਉ ਦੀ ਗੱਲ ਦੁਹਰਾਈ ਕਿ, ਜਿਨ੍ਹਾਂ ਨੇ ਕਿਹਾ ਹੈ ਕਿ ਟੈਕਸ ਵਾਧਾ ਨਿਵੇਸ਼ ਨੂੰ ਪ੍ਰਭਾਵਿਤ ਕਰੇਗਾ।

ਪੋਲੀਏਵਰ ਨੇ ਕਿਹਾ ਕਿ ਕੁੱਝ ਸਭਤੋਂ ਅਮੀਰ ਕੈਨੇਡੀਅਨਜ਼ ਵਾਧੇ ਦੇ ਸਭਤੋਂ ਬੁਰੇ ਪ੍ਰਭਾਵਾਂ ਤੋਂ ਬੱਚ ਸਕਦੇ ਹਨ ਕਿਉਂਕਿ ਬਜਟ ਪੇਸ਼ ਕੀਤੇ ਜਾਣ ਦੇ ਬਾਅਦ ਤੋਂ ਉਨ੍ਹਾਂ ਕੋਲ ਆਪਣੀ ਜਾਇਦਾਦ ਵੇਚਣ ਅਤੇ ਮਹੀਨੇ ਦੇ ਅੰਤ ਵਿੱਚ ਇਸ ਦੇ ਲਾਗੂ ਹੋਣ ਤੋਂ ਪਹਿਲਾਂ ਪੈਸੇ ਨੂੰ ਵਿਦੇਸ਼ ਵਿੱਚ ਟ੍ਰਾਂਸਫਰ ਕਰਨ ਲਈ ਦੋ ਮਹੀਨੇ ਦਾ ਸਮਾਂ ਹੈ।

ਪੋਲੀਏਵਰ ਨੇ ਕਿਹਾ ਕਿ, ਫਿਰ ਇਸ ਟੈਕਸ ਦਾ ਭੁਗਤਾਨ ਕੌਣ ਕਰੇਗਾ ? ਸਭਤੋਂ ਪਹਿਲਾਂ, ਉਹ ਲੋਕ ਜੋ ਦੀਰਘਕਾਲਿਕ ਸੰਪੱਤੀਆਂ ਦੀ ਏਕਮੁਸ਼ਤ ਵਿਕਰੀ ਜਾਂ ਨਿਪਟਾਨ ਕਰਦੇ ਹਨ, ਉਨ੍ਹਾ ਨੇ ਉਦਾਹਰਨ ਦਿੰਦੇ ਕਿਹਾ ਕਿ ਜਿਵੇਂ ਇੱਕ ਦਾਦੀ, ਜੋ ਆਪਣੇ ਬੱਚਿਆਂ ਨੂੰ ਘਰ ਬਣਾਉਣ ਲਈ ਆਪਣੇ ਖੇਤ ਦਾ ਕੁੱਝ ਹਿੱਸਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ।


ਪੋਲੀਏਵਰ ਨੂੰ ਇੱਕ ਸਵਾਲ ਕੀਤਾ ਗਿਆ ਕਿ ਜੇ ਉਨ੍ਹਾਂ ਦੀ ਸਰਕਾਰ ਆਉਂਦੀ ਹੈ ਤਾਂ ਕੀ ਉਹ ਇਸ ਨੂੰ ਰੱਦ ਕਰਨਗੇ? ਤਾਂ ਉਨ੍ਹਾਂ ਨੇ ਕਿਹਾ ਸਰਕਾਰ ਬਨਣ ਦੇ 60 ਦਿਨਾਂ ਅੰਦਰ ਅੰਦਰ ਇੱਕ ਟੈਕਸ ਸੁਧਾਰ ਟਾਸਕ ਫੋਰਸ ਦਾ ਗਠਨ ਕਰਨਗੇ।

# ਕੈਨੇਡਾ ’ਚ ਪੰਜਾਬੀ ਵਿਦਿਆਰਥੀ ਦਾ ਕਤਲ, ਮਾਪਿਆਂ ਦਾ ਸੀ ਇਕਲੌਤਾ ਪੁੱਤਰ



**ਸਰੀ**: ਕੈਨੇਡਾ ਤੋਂ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ’ਚ ਪੜ੍ਹਨ ਲਈ ਗਏ ਪੰਜਾਬ ਦੇ ਸ਼ਹਿਰ ਲੁਧਿਆਣਾ ਦੇ ਇਕ ਵਿਦਿਆਰਥੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਬੀਤੇ ਦਿਨ ਵੈਨਕੂਵਰ ਦੇ ਦੱਖਣ ਵਿਚ ਸਥਿਤ ਸਾਊਥ ਸਰੀ ਦੀ 164 ਸਟ੍ਰੀਟ ਅਤੇ 900 ਬਲਾਕ ਨੇੜੇ ਵਾਪਰੀ ਗੋਲੀਬਾਰੀ ਦੀ ਇਕ ਘਟਨਾ ਵਿਚ ਇਕ ਪੰਜਾਬੀ ਨੌਜਵਾਨ ਮਾਰਿਆ ਗਿਆ। ਜਾਣਕਾਰੀ ਮੁਤਾਬਕ 4 ਬਦਮਾਸ਼ਾਂ ਨੇ ਚਲਾਈਆਂ ਗੋਲੀਆਂ। ਨੌਜਵਾਨ ਨੂੰ ਗੋਲੀਆਂ ਮਾਰਨ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਮ੍ਰਿਤਕ ਵਿਦਿਆਰਥੀ ਲੁਧਿਆਣਾ ਸ਼ਹਿਰ ਦੇ ਰਿਸ਼ੀ ਨਗਰ ਦਾ ਰਹਿਣ ਵਾਲਾ ਸੀ, ਜਿਸ ਦਾ ਨਾਂ ਯੁਵਰਾਜ ਗੋਇਲ (28) ਸੀ। ਸ਼ੁੱਕਰਵਾਰ ਸਵੇਰੇ 8:45 ਵਜੇ ਗੋਲੀ ਚਲਾਈ ਗਈ। ਯੁਵਰਾਜ ਗੋਇਲ ਖ਼ਿਲਾਫ਼ ਪਹਿਲਾਂ ਕੋਈ ਕੇਸ ਦਰਜ ਨਹੀਂ ਹੈ ਅਤੇ ਨਾ ਹੀ ਉਸ ਦਾ ਕੋਈ ਅਪਰਾਧਿਕ ਰਿਕਾਰਡ ਹੈ। ਉਹ ਕੈਨੇਡਾ ਦੇ ਸਰੀ ’ਚ ਰਹਿੰਦਾ ਸੀ। ਉਹ ਆਪਣੇ ਪਰਿਵਾਰ ਦਾ ਇਕਲੌਤਾ ਪੁੱਤਰ ਸੀ। ਯੁਵਰਾਜ ਅਜੇ ਵਿਆਹਿਆ ਨਹੀਂ ਸੀ।

# ਜੰਮੂ-ਕਸ਼ਮੀਰ ’ਚ ਅੱਤਵਾਦੀ ਹਮਲਿਆਂ ਨੂੰ ਲੈ ਕੇ ਪੀ ਐਮ ਮੋਦੀ ਨੇ ਕੀਤੀ ਹਾਈ ਲੈਵਲ ਮੀਟਿੰਗ



**ਦਿੱਲੀ**: ਜੰਮੂ-ਕਸ਼ਮੀਰ ’ਚ ਪਿਛਲੇ ਕੁਝ ਦਿਨਾਂ ’ਚ ਇਕ ਤੋਂ ਬਾਅਦ ਇਕ ਅੱਤਵਾਦੀ ਹਮਲਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਮੋਰਚਾ ਸੰਭਾਲ ਲਿਆ ਹੈ। ਉਨ੍ਹਾਂ ਨੇ ਸੁਰੱਖਿਆ ਏਜੰਸੀਆਂ ਦੇ ਨਾਲ-ਨਾਲ ਵੱਖ-ਵੱਖ ਧਿਰਾਂ ਨੂੰ ਅੱਤਵਾਦੀਆਂ ਨਾਲ ਪੂਰੀ ਸਮਰੱਥਾ ਨਾਲ ਨਜਿੱਠਣ ਦਾ ਸਪੱਸ਼ਟ ਨਿਰਦੇਸ਼ ਦਿੱਤਾ ਹੈ।

ਪੀ. ਐੱਮ. ਮੋਦੀ ਨੇ ਵੀਰਵਾਰ ਨੂੰ ਜੰਮੂ-ਕਸ਼ਮੀਰ ’ਚ ਸੁਰੱਖਿਆ ਸਥਿਤੀ ਨੂੰ ਲੈ ਕੇ ਸਮੀਖਿਆ ਬੈਠਕ ਕੀਤੀ। ਇਸ ਮੀਟਿੰਗ ਵਿਚ ਹੋਰ ਸੀਨੀਅਰ ਅਧਿਕਾਰੀਆਂ ਨਾਲ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਵੀ ਮੌਜੂਦ ਸਨ। ਰਿਵਿਊ ਮੀਟਿੰਗ ਵਿਚ ਪੀ. ਐੱਮ. ਮੋਦੀ ਨੂੰ ਜੰਮੂ-ਕਸ਼ਮੀਰ ਵਿਚ ਅੱਤਵਾਦੀ ਹਮਲਿਆਂ ਨਾਲ ਹੀ ਹੁਣ ਤੱਕ ਚੁੱਕੇ ਗਏ ਕਦਮ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਪੀ. ਐੱਮ. ਮੋਦੀ ਨੂੰ ਅੱਤਵਾਦੀ ਘਟਨਾ ਦੇ ਨਾਲ ਹੀ ਅੱਤਵਾਦੀਆਂ ਖਿਲਾਫ ਚਲਾਏ ਜਾ ਰਹੀ ਮੁਹਿੰਮ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਤੋਂ ਬਾਅਦ ਪੀ. ਐੱਮ. ਮੋਦੀ ਨੇ ਫੌਜ ਅਤੇ ਸੁਰੱਖਿਆ ਏਜੰਸੀਆਂ ਨੂੰ ਖੁੱਲ੍ਹੀ ਛੋਟ ਦਿੰਦੇ ਹੋਏ ਅੱਤਵਾਦੀਆਂ ਨੂੰ ਜਵਾਬ ਦੇਣ ਦੇ ਸਪੱਸ਼ਟ ਨਿਰਦੇਸ਼ ਦਿੱਤੇ ਹਨ। ਨਾਲ ਹੀ ਕਿਹਾ ਕਿ ਸਾਡੇ ਕੋਲ ਜੋ ਵੀ ਸਾਧਨ ਮੌਜੂਦ ਹਨ, ਅੱਤਵਾਦੀਆਂ ਨਾਲ ਨਜਿੱਠਣ ’ਚ ਉਨ੍ਹਾਂ ਸਾਰਿਆਂ ਦੀ ਵਰਤੋਂ ਕੀਤੀ ਜਾਵੇ।

# ਚੋਣ ਲੜਣ ਦਾ ਅਜਬ ਜਨੂੰਨ

ਇਹ ਪਤਾ ਹੋਣ ਦੇ ਬਾਵਜੂਦ ਕਿ ਅਸੀਂ ਚੋਣ ਹਾਰ ਜਾਵਾਂਗੇ, ਫਿਰ ਲੋਕ ਜਨੂੰਨ 'ਚ ਆ ਕੇ ਚੋਣ ਲੜਦੇ ਹਨ। ਸ਼ਾਇਦ ਇਹੀ ਭਾਰਤ ਦੇ ਲੋਕਤੰਤਰ ਦੀ ਖੂਬਸੂਰਤੀ ਵੀ ਹੈ। ਇਸ ਵਾਰ ਲੋਕ ਸਭਾ ਚੋਣਾਂ 'ਚ ਕੁਲ 8360 ਉਮੀਦਵਾਰਾਂ ਨੇ ਆਪਣੀ ਕਿਸਮਤ ਆਜ਼ਮਾਈ ਸੀ, ਜਿਨ੍ਹਾਂ 'ਚੋਂ 7194 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਭਾਵ 86.1 ਫੀਸਦੀ ਉਮੀਦਵਾਰ ਅਜਿਹੇ ਸਨ, ਜਿਨ੍ਹਾਂ ਨੂੰ ਆਪਣੇ ਲੋਕ ਸਭਾ ਹਲਕੇ 'ਚ ਪਾਈਆਂ ਗਈਆਂ ਵੋਟਾਂ ਦਾ 6ਵਾਂ ਹਿੱਸਾ ਵੀ ਨਹੀਂ ਮਿਲ ਸਕਿਆ। ਇਨ੍ਹਾਂ ਦੀ ਜ਼ਮਾਨਤ ਰਾਸ਼ੀ ਕੁਲ 16.36 ਕਰੋੜ ਬਣੀ ਹੈ, ਜਿਸ ਨੂੰ ਹੁਣ ਆਰ. ਬੀ. ਆਈ. ਜਮ੍ਹਾਂ ਕਰੇਗਾ ਜਾਂ ਸਰਕਾਰੀ ਖਜ਼ਾਨੇ 'ਚ ਜਗ੍ਹਾ ਮਿਲੇਗੀ।



ਲੋਕ ਪ੍ਰਤੀਨਿਧਤਾ ਕਾਨੂੰਨ 1951 ਅਨੁਸਾਰ ਭਾਰਤ 'ਚ ਲੋਕ ਸਭਾ ਚੋਣ ਲੜਨ ਲਈ 25,000 ਰੁਪਏ ਦੀ ਜ਼ਮਾਨਤ ਰਾਸ਼ੀ ਜਮ੍ਹਾਂ ਕਰਨੀ ਪੈਂਦੀ ਹੈ। ਚੋਣ ਕਮਿਸ਼ਨ ਨੇ ਜ਼ਮਾਨਤ ਰਾਸ਼ੀ ਜਮ੍ਹਾਂ ਕਰਾਉਣਾ ਇਸਲਈ ਜ਼ਰੂਰੀ ਕੀਤਾ ਹੈ ਤਾਂ ਕਿ ਚੋਣ ਲੜਣ ਲਈ ਗੰਭੀਰ ਲੋਕ ਹੀ ਅੱਗੇ ਆਉਣ ਅਤੇ ਚੋਣ ਲੜਣ।

ਚੋਣ ਕਮਿਸ਼ਨ ਨੇ 2009 'ਚ ਗੈਰ-ਰਾਖਵੀਆਂ ਸੀਟਾਂ 'ਤੇ ਉਮੀਦਵਾਰਾਂ ਲਈ ਜ਼ਮਾਨਤ ਰਾਸ਼ੀ ਵਧਾ ਕੇ 25,000 ਰੁਪਏ ਕਰ ਦਿੱਤੀ ਸੀ।ਉੱਧਰ ਅਨੁਸੂਚਿਤ ਜਾਤੀ (ਐੱਸ. ਸੀ.) ਅਤੇ ਅਨੁਸੂਚਿਤ ਜਨਜਾਤੀ (ਐੱਸ . ਟੀ .) ਸੀਟਾਂ 'ਤੇ ਉਮੀਦਵਾਰਾਂ ਲਈ ਇਹ ਰਕਮ 12,500 ਰੁਪਏ ਕਰ ਦਿੱਤੀ ਗਈ ਸੀ। ਹਾਲਾਂਕਿ ਵਿਧਾਨ ਸਭਾ ਚੋਣਾਂ 'ਚ ਜ਼ਮਾਨਤ ਰਾਸ਼ੀ ਐੱਸ. ਸੀ. ਅਤੇ ਐੱਸ. ਟੀ. ਸੀਟਾਂ ਲਈ 10,000 ਰੁਪਏ ਅਤੇ 5,000 ਰੁਪਏ ਹੈ।

ਚੋਣ ਕਮਿਸ਼ਨ ਅਨੁਸਾਰ ਜੇ ਚੋਣਾਂ 'ਚ ਕਿਸੇਉਮੀਦਵਾਰ ਨੂੰ ਕੁਲ ਪਈਆਂ ਵੋਟਾਂ ਦਾ 1/6 ਫੀਸਦੀ ਹਾਸਲ ਨਹੀਂ ਹੁੰਦਾ ਹੈ ਤਾਂ ਉਸ ਉਮੀਦਵਾਰ ਦੀ ਜ਼ਮਾਨਤ ਜ਼ਬਤ ਹੋ ਜਾਂਦੀ ਹੈ।ਇਹ ਪੈਸਾ ਭਾਰਤੀ ਰਿਜ਼ਰਵ ਬੈਂਕ ਜਾਂ ਸਰਕਾਰੀ ਖਜ਼ਾਨੇ 'ਚ ਜਮਾਂ ਕਰ ਦਿੱਤਾ ਜਾਂਦਾ ਹੈ। ਇਸ ਸਾਲ ਜ਼ਬਤ ਕੀਤੀ ਗਈ ਰਕਮ 2019 ਤੋਂ ਵੱਧ ਹੈ। ਲੋਕ ਸਭਾ ਚੋਣਾਂ-2019 'ਚ ਕੁਲ 8054 ਉਮੀਦਵਾਰਾਂ 'ਚੋਂ 6923 ਜਾਂ 86 % ਨੇ ਆਪਣੀ ਜ਼ਮਾਨਤ ਗੁਆ ਦਿੱਤੀ ਸੀ, ਜੋ ਕੁਲ 15.87 ਕਰੋੜ ਰੁਪਏ ਸੀ।

ਕਿਸ ਪਾਰਟੀ ਦੇ ਉਮੀਦਵਾਰਾਂ ਦੀ ਸਭ ਤੋਂ ਵੱਧ ਜ਼ਬਤ ਹੋਈ ਹੈ ਜ਼ਮਾਨਤ ?

ਜੋ ਗੱਲ ਕੀਤੀ ਜਾਵੇ ਕਿ ਲੋਕ ਸਭ ਚੋਣਾਂ-2024 'ਚ ਕਿਸ ਪਾਰਟੀ ਦੇ ਉਮੀਦਵਾਰਾਂ ਦੀ ਸਭ ਤੋਂ ਵੱਧ ਜ਼ਮਾਨਤ ਜ਼ਬਤ ਹੋਈ ਹੈ ਤਾਂ ਇਸ 'ਚ ਸਭ ਤੋਂ ਵੱਧ ਉਮੀਦਵਾਰ ਬਸਪਾ ਦੇ ਸਨ। ਬਸਪਾ ਦੇ 476 ਉਮੀਦਵਾਰਾਂ ਦੀ ਜ਼ਮਾਨਤ ਇਨ੍ਹਾਂ ਚੋਣਾਂ 'ਚ ਜ਼ਬਤ ਹੋਈ ਹੈ। ਮਾਇਆਵਤੀ ਦੀ ਪਾਰਟੀ ਨੇ ਇਨ੍ਹਾਂ ਚੋਣਾਂ 'ਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ਹੈ। ਇਥੋਂ ਤੱਕ ਕਿ ਪਾਰਟੀ ਨੂੰ ਇਕ ਵੀ ਸੀਟ ਤੱਕ ਹਾਸਲ ਨਹੀਂ ਹੋਈ ਹੈ।

# 8 ਸਾਬਕਾ ਮਹਿਲਾ ਮੁਲਾਜ਼ਮਾਂ ਨੇ ਕੀਤਾ ਮਸਕ ਖਿਲਾਫ ਮੁਕੱਦਮਾ



**ਨਿਊਯਾਰਕ**: 'ਸਪੇਸਐਕਸ' ਅਤੇ ਇਸ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਐਲੋਨ ਮਸਕ 'ਤੇ ਕੰਪਨੀ ਦੇ 8 ਸਾਬਕਾ ਕਰਮਚਾਰੀਆਂ ਵਲੋਂ ਮੁਕੱਦਮਾ ਦਰਜ ਕੀਤਾ ਗਿਆ ਹੈ। ਇਨ੍ਹਾਂ ਸਾਬਕਾ ਕਰਮਚਾਰੀਆਂ ਦਾ ਦੋਸ਼ ਹੈ ਕਿ ਮਸਕ ਨੇ ਉਨ੍ਹਾਂ ਨੂੰ ਕੰਪਨੀ ਵਿਚ ਪ੍ਰਚਲਿਤ ਜਿਣਸੀ ਸ਼ੋਸ਼ਣ ਅਤੇ ਵਿਰੋਧੀ ਕੰਮ ਪ੍ਰਥਾਵਾਂ ਨੂੰ ਚੁਣੌਤੀ ਦੇਣ ਲਈ ਨੌਕਰੀ ਤੋਂ ਕੱਢਣ ਦਾ ਹੁਕਮ ਦਿੱਤਾ ਸੀ।

ਕੈਲੀਫੋਰਨੀਆ ਰਾਜ ਦੀ ਅਦਾਲਤ ਵਿਚ ਮੁਕੱਦਮਾ ਕਰਨ ਵਾਲੇ ਕਰਮਚਾਰੀਆਂ ਨੇ 2022 ਵਿਚ ਕੰਪਨੀ ਦੇ ਪ੍ਰਬੰਧਕਾਂ ਨੂੰ ਲਿਖੇ ਇਕ ਖੁੱਲ੍ਹੇ ਪੱਤਰ ਵਿਚ ਆਪਣੀਆਂ ਸ਼ਿਕਾਇਤਾਂ ਦਾ ਵੇਰਵਾ ਦਿੱਤਾ, ਜੋ ਉਨ੍ਹਾਂ ਨੇ ਕੰਪਨੀ ਦੇ ਇੰਟਰਨੈੱਟ ਰਾਹੀਂ ਸਾਂਝਾ ਕੀਤਾ। ਉਸ ਨੇ ਦੋਸ਼ ਲਾਇਆ ਕਿ ਅਗਲੇ ਦਿਨ ਚਾਰ ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ ਅਤੇ ਬਾਕੀਆਂ ਨੂੰ ਬਾਅਦ ਵਿਚ ਅੰਦਰੂਨੀ ਜਾਂਚ ਤੋਂ ਬਾਅਦ ਕੱਢ ਦਿੱਤਾ ਗਿਆ ਸੀ।

ਜਨਵਰੀ ਵਿਚ ਫੈਡਰਲ ਨੈਸ਼ਨਲ ਲੇਬਰ ਰਿਲੇਸ਼ਨਜ਼ ਬੋਰਡ ਨੇ ਨੌਂ ਬਰਖਾਸਤ ਕਰਮਚਾਰੀਆਂ ਵਲੋਂ ਉਠਾਏ ਮੁੱਦਿਆਂ ਦੇ ਆਧਾਰ ਤੇ 'ਸਪੇਸਐਕਸ' ਵਿਰੁੱਧ ਆਪਣੀ ਸ਼ਿਕਾਇਤ ਦਰਜ ਕਰਵਾਈ। ਕੰਮ ਵਾਲੀ ਥਾਂ ਦੀਆਂ ਹੋਰ ਚਿੰਤਾਵਾਂ ਵਿਚ, ਖੁੱਲ੍ਹੇ ਪੱਤਰ ਵਿਚ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (ਪਹਿਲਾਂ ਟਵਿੱਟਰ) 'ਤੇ ਮਸਕ ਦੇ ਜਨਤਕ ਵਿਵਹਾਰ ਦੀ ਨਿੰਦਾ ਕਰਨ ਅਤੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਅਸਵੀਕਾਰਨਯੋਗ ਵਿਵਹਾਰ ਲਈ ਜਵਾਬਦੇਹ ਬਣਾਉਣ ਲਈ ਅਧਿਕਾਰੀਆਂ ਨੂੰ ਕਿਹਾ ਗਿਆ ਹੈ।

ਇਸ ਵਿਚ ਮਸਕ ਵਿਰੁੱਧ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਹਲਕੇ ਵਿਚ ਲੈਣਾ ਵੀ ਸ਼ਾਮਲ ਹੈ। ਮਸਕ ਨੇ ਹਾਲਾਂਕਿ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਪੱਤਰ ਵਿਚ ਮਸਕ ਦੇ ਕੰਮਾਂ ਨੂੰ 'ਅਕਸਰ ਧਿਆਨ ਭਟਕਾਉਣ ਅਤੇ ਸ਼ਰਮਿੰਦਗੀ ਦਾ ਕਾਰਨ' ਦੱਸਿਆ ਗਿਆ ਹੈ। 'ਸਪੇਸਐਕਸ' ਨੇ ਟਿੱਪਣੀ ਦੀ ਮੰਗ ਕਰਨ ਵਾਲੀ ਈਮੇਲ ਦਾ ਜਵਾਬ ਨਹੀਂ ਦਿੱਤਾ।

# ਪੰਜਾਬ 'ਚ ਗਰਮੀ ਦਾ ਕਹਿਰ, ਅਲਰਟ ਜਾਰੀ

**ਲੁਧਿਆਣਾ**: ਮਈ ਤੋਂ ਬਾਅਦ ਜੂਨ 'ਚ ਵੀ ਸੂਬੇ 'ਚ ਲੂ ਤੇ ਜ਼ਬਰਦਸਤ ਗਰਮੀ ਦਾ ਸਿਲਸਿਲਾ ਜਾਰੀ ਹੈ। ਮੰਗਲਵਾਰ ਨੂੰ ਲੁਧਿਆਣਾ, ਪਟਿਆਲਾ, ਬਠਿੰਡਾ, ਚੰਡੀਗੜ੍ਹ ਤੇ ਅੰਮ੍ਰਿਤਸਰ ਲੂ ਦੀ ਚਪੇਟ 'ਚ ਰਹੇ। ਜਦਕਿ ਪਠਾਨਕੋਟ ਸੂਬੇ 'ਚ ਸਭ ਤੋਂ ਗਰਮ ਰਿਹਾ। ਇੱਥੇ ਤਾਪਮਾਨ 46.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਹ ਆਮ ਨਾਲੋਂ ਸੱਤ ਡਿਗਰੀ ਵੱਧ ਰਿਹਾ। ਉਧਰ ਲੁਧਿਆਣਾ 'ਚ ਦਿਨ ਦੇ ਤਾਪਮਾਨ 46.8 ਡਿਗਰੀ ਸੈਲਸੀਅਸ 'ਤੇ ਪੁੱਜ ਗਿਆ। 1958 ਤੋਂ ਬਾਅਦ ਪਹਿਲੀ ਵਾਰ ਏਨਾ ਤਾਪਮਾਨ ਦਰਜ ਕੀਤਾ ਗਿਆ ਹੈ। ਇਹ ਆਮ ਨਾਲੋਂ ਛੇ ਡਿਗਰੀ ਵੱਧ ਰਿਹਾ।



ਸਾਲ 2011 ਤੋਂ 2023 ਦੌਰਾਨ ਕਦੀ ਵੀ ਜੂਨ 'ਚ ਦਿਨ ਦਾ ਤਾਪਮਾਨ ਏਨਾ ਦਰਜ ਨਹੀਂ ਕੀਤਾ ਗਿਆ। 1958 'ਚ 17 ਜੂਨ ਨੂੰ ਲੁਧਿਆਣਾ ਦਾ ਤਾਪਮਾਨ 47.9 ਡਿਗਰੀ ਸੈਲਸੀਅਸ ਦਰਜ ਕੀਤੀ ਗਈ ਹੈ।

ਇਸ ਤੋਂ ਇਲਾਵਾ ਚੰਡੀਗੜ੍ਹ 'ਚ 44.6, ਅੰਮ੍ਰਿਤਸਰ 'ਚ 45.1, ਲੁਧਿਆਣੇ 'ਚ 44.3, ਪਟਿਆਲੇ 44.5, ਬਠਿੰਡੇ 45.9, ਫ਼ਰੀਦਕੋਟ 45.9, ਗੁਰਦਾਸਪੁਰ 44.0, ਫਤਿਹਗੜ੍ਹ ਸਾਹਿਬ 43.0 ਤੇ ਫਿਰੋਜ਼ਪੁਰ 'ਚ 43.6 ਡਿਗਰੀ ਤਾਪਮਾਨ ਦਰਜ ਕੀਤਾ ਗਿਆ।

ਪੰਜਾਬ ਖੇਤਾਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮੌਸਮ ਵਿਭਾਗ ਦੇ ਡਾ.ਪਵਨੀਤ ਕੌਰ ਕਿੰਗਰਾ ਨੇ ਦੱਸਿਆ ਕਿ ਵਿਭਾਗ ਵੱਲੋਂ ਮੰਗਲਵਾਰ ਲਈ ਆਰੇਂਜ ਅਲਰਟ ਜਾਰੀ ਕੀਤਾ ਗਿਆ ਹੈ ਜੋ 14 ਜੂਨ ਤੱਕ ਜਾਰੀ ਰਹੇਗਾ। 15 ਜੂਨ ਨੂੰ ਲੂ 'ਚ ਥੋੜ੍ਹੀ ਕਮੀ ਦਰਜ ਕੀਤੀ ਜਾਵੇਗੀ। ਫਿਲਹਾਲ ਬਾਰਿਸ਼ ਦੀ ਕੋਈ ਸੰਭਾਵਨਾ ਨਹੀਂ ਹੈ।

# ਖੁਸ਼ਦੇਵ ਸਿੰਘ ਸਿੱਧੂ ਬਣੇ ਐਬਟਸਫੋਰਡ ਦੇ ਡਿਪਟੀ ਮੇਅਰ



**ਐਬਟਸਫੋਰਡ**: ਕੈਨੇਡਾ ਦੇ ਬ੍ਰਿਸ਼ ਕੋਲੰਬੀਆ ਸੂਬੇ ਦੇ ਪੰਜਵੇਂ ਵੱਡੇ ਸ਼ਹਿਰ ਐਬਟਸਫੋਰਡ ਨਗਰਪਾਲਿਕਾ ਦੇ ਨੌਜਵਾਨ ਪੰਜਾਬੀ ਕੌਂਸਲਰ ਖੁਸ਼ਦੇਵ ਸਿੰਘ 'ਦੇਵ' ਸਿੱਧੂ ਨੂੰ ਡਿਪਟੀ ਮੇਅਰ ਬਣਾਇਆ ਗਿਆ ਹੈ। ਜ਼ਿਲ੍ਹਾ ਮੋਗਾ ਦੇ ਪਿੰਡ ਰੋਡੇ ਨਾਲ ਸੰਬੰਧਿਤ ਤੇ ਬ੍ਰਿਟਿਸ਼ ਕੋਲੰਬੀਆ ਦੇ ਪਹਿਲੇ ਅੰਗਰੇਜ਼ੀ ਤੇ ਪੰਜਾਬੀ 'ਚ ਛਪਣ ਵਾਲੇ ਦੋ ਭਾਸ਼ੀਆ ਅਖ਼ਬਾਰ 'ਪੰਜਾਬੀ ਪੱਤ੍ਰਿਕਾ' ਦੇ ਮੁੱਖ ਸੰਪਾਦਕ ਡਾ. ਐਂਡੀ ਸਿੱਧੂ ਦਾ ਫਰਜ਼ੰਦ ਦੇਵ ਸਿੱਧੂ 2022 'ਚ ਹੋਈਆਂ ਨਗਰਪਾਲਿਕਾ ਦੀਆਂ ਚੋਣਾਂ ਵਿਚ ਕੁੱਲ 8 ਕੌਂਸਲਰਾਂ 'ਚੋਂ ਸਭ ਤੋਂ ਵੱਧ ਵੋਟਾਂ ਲੈ ਕੇ ਕੌਂਸਲਰ ਚੁਣਿਆ ਗਿਆ ਸੀ। ਕੈਨੇਡਾ ਦੇ ਜੰਮਪਲ ਦੇਵ ਸਿੱਧੂ ਨੇ ਬੰਗਲੌਰ ਤੋਂ ਦੰਦਾਂ ਦੀ ਡਾਕਟਰੀ ਦੀ ਪੜ੍ਹਾਈ ਕੀਤੀ ਹੋਈ ਹੈ। ਇੰਡੋ-ਕੈਨੇਡੀਅਨ ਬਿਜ਼ਨੈੱਸ ਐਸੋਸੀਏਸ਼ਨ ਦਾ ਪ੍ਰਧਾਨ ਰਿਹਾ ਦੇਵ ਸਿੱਧੂ ਐਬਟਸਫੋਰਡ ਦੀ ਖੇਤੀਬਾੜੀ ਸਲਾਹਕਾਰ ਕਮੇਟੀ ਦਾ ਉਪ ਚੇਅਰਮੈਨ ਅਤੇ ਵਿਕਾਸ ਤੇ ਆਵਾਜਾਈ ਸਲਾਹਕਾਰ ਕਮੇਟੀ ਦਾ ਚੇਅਰਮੈਨ ਵੀ ਹੈ।






# ਪ੍ਰਵਾਸ ਦੇ ਵੱਧ ਰਹੇ ਰੁਝਾਨ ਨੇ ਪੰਜਾਬ ਨੂੰ ਕੀਤਾ ਖਾਲੀ

ਕਿਸੇ ਵੀ ਰਾਜ 'ਚ ਰੁਜ਼ਗਾਰ ਦਾ ਦੂਜਾ ਵੱਡਾ ਸਾਧਨ ਉਦਯੋਗ ਹੁੰਦੇ ਹਨ ਪਰ ਪੰਜਾਬ 'ਚ ਇਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ। ਵੱਖ-ਵੱਖ ਸਰਕਾਰਾਂ ਦੀਆਂ ਦੋਸ਼-ਪੂਰਨ ਸਨਅਤੀ ਨੀਤੀਆਂ ਕਾਰਨ ਪੰਜਾਬ ਦੇ ਬਹੁਤ ਸਾਰੇ ਉਦਯੋਗ ਹੋਰ ਰਾਜਾਂ 'ਚ ਚਲੇ ਗਏ। ਸਰਕਾਰਾਂ ਨੇ ਨਵੇਂ ਉਦਯੋਗ ਲਗਾਉਣ 'ਚ ਖ਼ਾਸ ਰੁਚੀ ਨਹੀਂ ਵਿਖਾਈ।




ਪੰਜਾਬ ਦਾ ਨੌਜਵਾਨ ਵਰਗ ਇਥੋਂ ਰੁਜ਼ਗਾਰ ਦੀ ਘਾਟ ਕਾਰਨ ਪਿਛਲੇ ਲੰਮੇ ਸਮੇਂ ਤੋਂ ਵਿਦੇਸ਼ ਵੱਲ ਰੁਖ਼ ਕਰ ਰਿਹਾ ਹੈ। ਹਾਲਾਤ ਇਹ ਬਣ ਚੁੱਕੇ ਹਨ ਕਿ ਪਿੰਡਾਂ ਤੇ ਸ਼ਹਿਰਾਂ 'ਚ ਜ਼ਿਆਦਾਤਰ ਘਰਾਂ 'ਚੋਂ ਕੋਈ ਨਾ ਕੋਈ ਨੌਜਵਾਨ ਮੁੰਡਾ-ਕੁੜੀ ਵਿਦੇਸ਼ ਗਿਆ ਹੋਇਆ ਹੈ। ਕਈ ਘਰਾਂ ਵਿਚ ਤਾਂ ਸਿਰਫ਼ ਬਿਰਧ ਹੀ ਨਜ਼ਰ ਆਉਂਦੇ ਹਨ। ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਵਾਸਤੇ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ।

ਅਜਿਹਾ ਕਰਨ ਲਈ ਉਹ ਆਪਣੀ ਜ਼ਮੀਨ-ਜਾਇਦਾਦ ਵੇਚ ਰਹੇ ਹਨ ਜਾਂ ਗਹਿਣੇ ਰੱਖ ਰਹੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਇਹ ਮੁੰਡੇ-ਕੁੜੀਆਂ ਜੋ ਪੰਜਾਬ 'ਚ ਰਹਿ ਕੇ ਕੋਈ ਵੀ ਕੰਮ ਕਰਨ ਨੂੰ ਤਿਆਰ ਨਹੀਂ ਹਨ, ਵਿਦੇਸ਼ ਜਾ ਕੇ ਬੁਰੇ ਹਾਲਾਤ ਵਿਚ ਰਹਿੰਦੇ ਹਨ ਤੇ ਹਰ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਮੰਦੇ ਭਾਗੀਂ ਜੇ ਬੱਚਾ ਉੱਥੇ ਜਾ ਕੇ ਨਾ ਟਿਕ ਸਕੇ ਤਾਂ ਮਾਪਿਆਂ ਦੁਆਰਾ ਚੁੱਕਿਆ ਹੋਇਆ ਕਰਜ਼ਾ ਉਮਰ ਭਰ ਉਨ੍ਹਾਂ ਲਈ ਬੋਝ ਬਣਿਆ ਰਹਿੰਦਾ ਹੈ। ਕਰਜ਼ੇ ਤੋਂ ਤੰਗ ਆ ਕੇ ਕਈ ਲੋਕ ਖ਼ੁਦਕੁਸ਼ੀ ਲਈ ਮਜਬੂਰ ਹੋ ਜਾਂਦੇ ਹਨ। ਵਿਦੇਸ਼ ਜਾਣ ਦੀ ਇਹ ਦੌੜ ਬੇਵਜ੍ਹਾ ਨਹੀਂ ਲੱਗੀ।

ਪੰਜਾਬ ਖੇਤੀ ਪ੍ਰਧਾਨ ਰਾਜ ਹੈ। ਪਿੰਡਾਂ 'ਚ ਖੇਤੀ ਹੀ ਰੁਜ਼ਗਾਰ ਦਾ ਇਕ ਮੁੱਖ ਸਾਧਨ ਹੈ ਪਰ ਅਜੋਕੀ ਖੇਤੀ ਅਨੇਕ ਸਮੱਸਿਆਵਾਂ 'ਚ ਘਿਰੀ ਹੋਈ ਹੈ। ਇਨ੍ਹਾਂ ਦਾ ਹੱਲ ਲੱਭਣ ਦੀ ਲੋੜ ਹੈ। ਅਲਪ-ਰੁਜ਼ਗਾਰ, ਖੇਤੀ ਦੇ ਕੰਮ ਦਾ ਮੌਸਮੀ ਸੁਭਾਅ, ਸਹਿਯੋਗੀ ਧੰਦਿਆਂ ਦੀ ਘਾਟ, ਖੇਤੀ ਉਪਜਾਂ ਦਾ ਦੋਸ਼ਪੂਰਨ ਮੰਡੀਕਰਨ, ਉਨ੍ਹਾਂ ਦੀ ਦੂਜੇ ਸੂਬਿਆਂ ਤੇ ਵਿਦੇਸ਼ ਵਿਚ ਘੱਟ ਮੰਗ ਤੇ ਖੇਤੀ ਸਬੰਧੀ ਉਦਯੋਗਾਂ ਦੀ ਘਾਟ ਅਜਿਹੇ ਕੁਝ ਕਾਰਨ ਹਨ ਜਿਨ੍ਹਾਂ ਸਦਕਾ ਕਿਸਾਨਾਂ ਦੀ ਆਮਦਨ 'ਚ ਅਸਾਵਾਂਪਣ ਆਇਆ ਹੈ। ਇਸੇ ਲਈ ਕਿਸਾਨ ਪਰਿਵਾਰਾਂ ਨਾਲ ਸਬੰਧਤ ਬੱਚੇ ਵਿਦੇਸ਼ ਜਾਣ ਲਈ ਮਜਬੂਰ ਹੋ ਰਹੇ ਹਨ।

ਕਿਸੇ ਵੀ ਰਾਜ 'ਚ ਰੁਜ਼ਗਾਰ ਦਾ ਦੂਜਾ ਵੱਡਾ ਸਾਧਨ ਉਦਯੋਗ ਹੁੰਦੇ ਹਨ ਪਰ ਪੰਜਾਬ 'ਚ ਇਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ। ਵੱਖ-ਵੱਖ ਸਰਕਾਰਾਂ ਦੀਆਂ ਦੋਸ਼-ਪੂਰਨ ਸਨਅਤੀ ਨੀਤੀਆਂ ਕਾਰਨ ਪੰਜਾਬ ਦੇ ਬਹੁਤ ਸਾਰੇ ਉਦਯੋਗ ਹੋਰ ਰਾਜਾਂ 'ਚ ਚਲੇ ਗਏ। ਸਰਕਾਰਾਂ ਨੇ ਨਵੇਂ ਉਦਯੋਗ ਲਗਾਉਣ 'ਚ ਖ਼ਾਸ ਰੁਚੀ ਨਹੀਂ ਵਿਖਾਈ। ਇਸ ਕਾਰਨ ਇਥੇ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਸਕੇ। ਵਧਦੀ ਵਸੋਂ ਕਾਰਨ ਪੈਦਾ ਹੋਈ ਬੇਰੁਜ਼ਗਾਰੀ ਤੇ ਨਸ਼ਿਆਂ ਦੇ ਡਰੋਂ ਵੀ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਮਜਬੂਰ ਹੋ ਰਹੇ ਹਨ।

ਇਸ ਸਮੱਸਿਆ ਦਾ ਹੱਲ ਲੱਭਣ ਲਈ ਖੇਤੀ ਖੇਤਰ 'ਚ ਨਵੇਂ ਸਿਰੇ ਤੋਂ ਖੋਜ ਦੀ ਲੋੜ ਹੈ। ਕਿਸਾਨਾਂ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ 'ਚੋਂ ਕੱਢਣਾ ਜ਼ਰੂਰੀ ਹੋ ਗਿਆ ਹੈ। ਅਜਿਹਾ ਕਰਨ ਨਾਲ ਕਿਸਾਨਾਂ ਦੀ ਆਮਦਨ 'ਚ ਵਾਧਾ ਹੋਵੇਗਾ ਤੇ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇਗਾ। ਐਗਰੋ ਇੰਡਸਟਰੀ ਨੂੰ ਵੀ ਪ੍ਰਫੁੱਲਿਤ ਕਰਨਾ ਚਾਹੀਦਾ ਹੈ। ਜੇ ਫੂਡ ਪ੍ਰੋਸੈਸਿੰਗ ਨਾਲ ਸਬੰਧਤ ਕਾਰਖਾਨੇ ਪੰਜਾਬ ਵਿਚ ਵੱਡੇ ਪੱਧਰ 'ਤੇ ਲਗਾਏ ਜਾਣ ਤਾਂ ਲੋਕਾਂ ਨੂੰ ਰੁਜ਼ਗਾਰ ਮਿਲਣ ਲੱਗੇਗਾ ਤੇ ਨੌਜਵਾਨ ਵਰਗ ਦਾ ਵਿਦੇਸ਼ ਪ੍ਰਤੀ ਮੋਹ ਘਟ ਜਾਵੇਗਾ।

# ਕੁਵੈਤ ਤੋਂ ਕੇਰਲ ਲਿਆਂਦੀਆਂ ਗਈਆਂ 45 ਭਾਰਤੀਆਂ ਦੀਆਂ ਲਾਸ਼ਾਂ

**ਕੋਚੀ**: ਕੁਵੈਤ ਦੀ ਅੱਗ ਵਿੱਚ ਮਾਰੇ ਗਏ 45 ਭਾਰਤੀਆਂ ਦੀਆਂ ਮ੍ਰਿਤਕ ਦੇਹਾਂ ਭਾਰਤ ਲਿਆਂਦੀਆਂ ਗਈਆਂ ਹਨ। ਲਾਸ਼ਾਂ ਨੂੰ ਵਿਸ਼ੇਸ਼ ਜਹਾਜ਼ ਰਾਹੀਂ ਕੋਚੀ ਹਵਾਈ ਅੱਡੇ 'ਤੇ ਲਿਆਂਦਾ ਗਿਆ, ਜਿੱਥੇ ਪਹਿਲਾਂ ਹੀ ਐਂਬੂਲੈਂਸ ਤਾਇਨਾਤ ਸਨ। ਕੋਚੀ ਹਵਾਈ ਅੱਡੇ 'ਤੇ ਮ੍ਰਿਤਕ ਦੇਹ ਦੇ ਪਹੁੰਚਣ 'ਤੇ, ਏਰਨਾਕੁਲਮ ਰੇਂਜ ਦੇ ਡੀਆਈਜੀ ਨੇ ਕਿਹਾ ਕਿ ਅਸੀਂ ਲਾਸ਼ਾਂ ਨੂੰ ਪ੍ਰਾਪਤ ਕਰਨ ਲਈ ਪਹਿਲਾਂ ਹੀ ਸਾਰੇ ਜ਼ਰੂਰੀ ਪ੍ਰਬੰਧ ਕਰ ਲਏ ਸਨ।



ਡੀਆਈਜੀ ਨੇ ਕਿਹਾ ਕਿ ਅਸੀਂ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਨਾਲ ਤਾਲਮੇਲ ਕੀਤਾ ਹੈ। ਲਾਸ਼ਾਂ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਸਬੰਧਤ ਸਥਾਨਾਂ 'ਤੇ ਪਹੁੰਚਾਇਆ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ 23 ਲਾਸ਼ਾਂ ਕੇਰਲ ਤੋਂ, 7 ਤਾਮਿਲਨਾਡੂ ਅਤੇ 1 ਕਰਨਾਟਕ ਦੀ ਹੈ। ਹਰੇਕ ਮ੍ਰਿਤਕ ਦੇਹ ਲਈ ਇੱਕ ਸਮਰਪਿਤ ਵਾਹਨ ਮੁਹੱਈਆ ਕਰਵਾਇਆ ਗਿਆ ਹੈ।

ਦੂਜੇ ਪਾਸੇ ਕੇਰਲ ਦੇ ਮਾਲ ਮੰਤਰੀ ਕੇ. ਰਾਜਨ ਕੋਚੀਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੇ। ਜਿੱਥੇ ਭਾਰਤੀ ਹਵਾਈ ਸੈਨਾ ਦਾ ਇੱਕ ਵਿਸ਼ੇਸ਼ ਜਹਾਜ਼ ਕੁਵੈਤ ਵਿੱਚ ਅੱਗ ਦੀ ਘਟਨਾ ਵਿੱਚ 45 ਭਾਰਤੀਆਂ ਦੀਆਂ ਮ੍ਰਿਤਕ ਦੇਹਾਂ ਲੈ ਕੇ ਪਹੁੰਚਿਆ।

ਕੇਂਦਰੀ ਮੰਤਰੀ ਸੁਰੇਸ਼ ਗੋਪੀ ਵੀ ਕੋਚੀ ਹਵਾਈ ਅੱਡੇ 'ਤੇ ਪਹੁੰਚ ਗਏ ਹਨ। ਉਨ੍ਹਾਂ ਕਿਹਾ ਕਿ ਇਹ ਦੁਖਾਂਤ ਇੰਨਾ ਵੱਡਾ ਹੈ ਕਿ ਇਹ ਪ੍ਰਵਾਸੀ ਭਾਈਚਾਰੇ ਲਈ ਧੱਕਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਕੇਰਲ ਦੀ ਆਰਥਿਕ ਹਾਲਤ ਸੁਧਾਰਨ ਵਿੱਚ ਮਦਦ ਕੀਤੀ। ਇਸ ਦੁਖਾਂਤ ਨਾਲ ਪ੍ਰਭਾਵਿਤ ਹਰ ਘਰ ਦਾ ਨਿੱਜੀ ਨੁਕਸਾਨ ਹੋਇਆ ਹੈ।



ਜਸਬੀਰ ਸਿੰਘ ਬਾਧ
Jasbir Singh Badh
Professional Accountants
BADH ACCOUNTING SERVICES
604-325-8370
F: 604-325-6654
Specializing in:
- Tax Forms Fillup
- Accounting d Payroll
- Business Income Tax
- Personal Income Tax d T4 & Workers
- Compensation Forms d Bookkeeping
20 Years Experience in Accounting
ਸਾਡਾ ਅਕਾਊਂਟਿੰਗ ਵਿਚ 20 ਸਾਲ ਦਾ ਤਜ਼ਰਬਾ ਹੈ।
ਟੈਕਸ ਦੇ ਪੇਪਰ ਭਰਨ
ਅਕਾਊਂਟਿੰਗ ਪੇਰੋਲ
ਬਿਜਨਸ ਇਨਕਮ ਟੈਕਸ
ਟੀ-ਫੋਰਜ਼ ਵਰਕਰ
ਕੰਪਨਸੇਸ਼ਨ ਫਾਰਮ
ਬੁੱਕ ਕੀਪਿੰਗ
# 201 - 6679 Main St., Vancouver, B.C.

The Name You Can Trust.....
Prabu SWEETS
100% PURE VEGETARIAN
TRADITIONAL INDIAN SWEETS & TAKE OUT
604-596-1308
#106, 7035-128 St.Surrey, (Kwantlen Plaza)

ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ
Transparent IMMIGRATION SERVICES INC

✓ Visitor Visa/Extension
✓ Super Visa
✓ Study Permit/ PGWP
✓ LMIA
✓ Work Permit
✓ Spousal Sponsorship
✓ Express Entry Application
✓ PR Application/Renewal
✓ Citizenship Application
✓ Family Sponsorship
Maninder Kaur (RCIC)
For more information Contact 778-951-8252
#219, 7928-128 St. Surrey, British Columbia, V3W 4E8
Email: info@transparentimmigration.com

HIMALAYA SWEETS & RESTAURANT
East Indian Sweets & Exotic Foods


Kewal Pabla
President
'Just The Taste Will Bring You Back'


Vancouver
6587, Main St.
Pabla Trade Center
Ph: 604.324.6514
Richmond
4011 No. 5 Rd.
Ph:604.247.2252
Cell:604.720.5900

# ਮੋਹਨ ਭਾਗਵਤ ਨੇ ਮੋਦੀ ਸਰਕਾਰ ਨੂੰ ਨਸੀਹਤ ਦਿੱਤੀ



ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਮੁਖੀ ਮੋਹਨ ਭਾਗਵਤ ਨੇ ਸੰਘ ਦੇ ਵਰਕਰ ਵਿਕਾਸ ਗਰਗ ਦੇ ਦੂਜੇ ਸਾਲ ਦੀ ਸਮਾਪਤੀ ਸਮਾਰੋਹ ਵਿਚ ਅਜਿਹੀਆਂ ਗੱਲਾਂ ਦਾ ਖੁਲਾਸਾ ਕੀਤਾ ਹੈ, ਜਿਸ ਨਾਲ ਭਾਜਪਾ ਅਤੇ ਸੰਘ ਵਿਚਾਲੇ ਤਾਲਮੇਲ ਨੂੰ ਲੈ ਕੇ ਇਕ ਵਾਰ ਫਿਰ ਸਵਾਲ ਖੜ੍ਹੇ ਹੋ ਗਏ ਹਨ। ਭਾਗਵਤ ਨੇ ਬਿਨਾਂ ਨਾਂ ਲਏ ਮਣੀਪੁਰ ਹਿੰਸਾ ਨੂੰ ਲੈ ਕੇ ਕੇਂਦਰ ਦੀ ਮੋਦੀ ਸਰਕਾਰ ’ਤੇ ਨਿਸ਼ਾਨਾ ਵਿੰਨ੍ਹਿਆ ਹੈ ਅਤੇ ਕਿਹਾ ਹੈ ਕਿ ਮਣੀਪੁਰ ਪਿਛਲੇ ਇਕ ਸਾਲ ਤੋਂ ਸ਼ਾਂਤੀ ਦੀ ਰਾਹ ਦੇਖ ਰਿਹਾ ਹੈ। ਪਹਿਲ ਦੇ ਆਧਾਰ ’ਤੇ ਇਸ ਬਾਰੇ ਵਿਚਾਰ ਕਰਨਾ ਹੋਵੇਗਾ। ਉਹ ਇਥੇ ਹੀ ਨਹੀਂ ਰੁਕੇ ਉਨ੍ਹਾਂ ਨੇ ਕਿਹਾ ਕਿ ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਨੂੰ ਜੰਗ ਵਾਂਗ ਲੜਿਆ ਗਿਆ। ਭਾਗਵਤ ਨੇ ਕਿਹਾ ਕਿ ਜਿਸ ਤਰ੍ਹਾਂ ਇਨ੍ਹਾਂ ਨਾਲ ਚੋਣਾਂ ਵਿਚ ਹੋਇਆ ਹੈ, ਉਸ ਨਾਲ ਵੰਡ ਹੋਵੇਗੀ, ਸਮਾਜਿਕ ਅਤੇ ਮਾਨਸਿਕ ਦਰਾਰਾਂ ਵਧਣਗੀਆਂ। ਸੰਘ ਮੁਖੀ ਨੇ ਕਿਹਾ ਕਿ ਸਾਰੇ ਧਰਮਾਂ ਦਾ ਸਨਮਾਨ ਕਰਨਾ ਹੋਵੇਗਾ।

ਸਾਰਿਆਂ ਦੀ ਪੂਜਾ ਦਾ ਸਨਮਾਨ ਕਰਨਾ ਹੈ, ਇਹ ਮੰਨ ਕੇ ਚੱਲਣਾ ਹੈ ਕਿ ਸਾਡੇ ਧਰਮ ਵਾਂਗ ਉਨ੍ਹਾਂ ਧਰਮ ਵੀ ਸੱਚਾ ਹੈ। ਭਾਗਵਤ ਨੇ ਇਨ੍ਹਾਂ ਸਾਰੇ ਖੁਲਾਸਿਆਂ ਤੋਂ ਬਾਅਦ ਮਾਮਲਿਆਂ ਨਾਲ ਜੁੜੇ ਜਾਣਕਾਰਾਂ ਦਾ ਕਹਿਣਾ ਹੈ ਕਿ ਭਾਜਪਾ ਅਤੇ ਸੰਘ ਦੇ ਰਿਸ਼ਤਿਆਂ ਵਿਚ ਕਿਤੇ ਨਾ ਕਿਤੇ ਤਣਾਅ ਨਜ਼ਰ ਆਉਂਦਾ ਹੈ।

ਭਾਗਵਤ ਨੇ ਕਿਹਾ ਹੈ ਕਿ ਇਸ ਸਾਲ ਤੋਂ ਮਣੀਪੁਰ ਸ਼ਾਂਤੀ ਦੀ ਰਾਹ ਦੇਖ ਰਿਹਾ ਹੈ। ਇਸ ਤੋਂ ਪਹਿਲਾਂ 10 ਸਾਲ ਸ਼ਾਂਤ ਰਿਹਾ। ਇੰਝ ਲੱਗਾ ਕਿ ਪੁਰਾਣਾ ਗੰਨ ਕਲਚਰ ਖਤਮ ਹੋ ਗਿਆ। ਅਚਾਨਕ ਜੋ ਹਿੰਸਾ ਇਥੇ ਹੋਈ ਜਾਂ ਕਰਵਾਈ ਗਈ, ਉਸਦੀ ਅੱਗ ਵਿਚ ਅਜੇ ਤੱਕ ਸੜ ਰਿਹਾ ਹੈ, ਕੁਰਲਾ ਰਿਹਾ ਹੈ। ਇਸ ’ਤੇ ਕੌਣ ਧਿਆਨ ਦੇਵੇਗਾ? ਤਰਜ਼ੀਹ ਦੇ ਕੇ ਉਸ ’ਤੇ ਵਿਚਾਰ ਕਰਨਾ ਜ਼ਿੰਮੇਵਾਰੀ ਹੈ। ਸਵਾਲ ਇਹ ਹੈ ਕਿ ਜੇਕਰ ਸੰਘ ਨਾਰਾਜ਼ ਹੈ ਤਾਂ ਮਣੀਪੁਰ ਵਿਚ ਭਾਜਪਾ ਲੀਡਰਸ਼ਿਪ ਬਦਲੇਗੀ?

ਮਈ 2023 ਤੋਂ ਮਣੀਪੁਰ ਵਿਚ 10 ਸਾਲ ਦੀ ਸ਼ਾਂਤੀ ਮਗਰੋਂ ਹਿੰਸਾ ਸ਼ੁਰੂ ਹੋਈ ਸੀ। ਕੁਕੀ ਅਤੇ ਮੈਤੇਈ ਭਾਈਚਾਰੇ ਵਿਚਾਲੇ ਹਿੰਸਾ ਵਿਚ ਹੁਣ ਤੱਕ 226 ਤੋਂ ਜ਼ਿਆਦਾ ਲੋਕਾਂ ਨੂੰ ਜਾਨ ਗਵਾਉਣੀ ਪਈ। 5 ਹਜ਼ਾਰ ਤੋਂ ਜ਼ਿਆਦਾ ਘਰ ਸਾੜੇ ਗਏ ਅਤੇ 60 ਹਜ਼ਾਰ ਤੋਂ ਜ਼ਿਆਦਾ ਲੋਕ ਬੇਘਰ ਹੋ ਗਏ। ਸੂਬੇ ਵਿਚ 5000 ਘੰਟੇ ਇੰਟਰਨੈੱਟ ਬੰਦ ਰਿਹਾ। ਆਸਾਮ ਦੇ ਕਛਾਰ ਅਤੇ ਮਿਜ਼ੋਰਮ ਵਿਚ ਮਣੀਪੁਰ ਦੇ ਲੋਕਾਂ ਨੇ ਸ਼ਰਨ ਲੈ ਰੱਖੀ ਹੈ। ਇਸ ਹਿੰਸਾ ਵਿਚ ਇਕ ਵਾਰ ਫਿਰ ਕੁਕੀ ਅੱਤਵਾਦ ਨੂੰ ਸਿਰ ਚੁੱਕਣ ਦਾ ਮੌਕਾ ਦਿੱਤਾ ਹੈ। ਪਿਛਲੇ ਸਾਲ ਜੁਲਾਈ ਵਿਚ ਜਦੋਂ ਦੋ ਔਰਤਾਂ ਨੂੰ ਨਗਨ ਕਰ ਕੇ ਘੁਮਾਉਣ ਦਾ ਵੀਡੀਓ ਆਇਆ ਤਾਂ ਪੂਰਾ ਦੇਸ਼ ਹਿੱਲ ਗਿਆ ਸੀ।

**ਚੋਣਾਂ ’ਚ ਝੂਠ ਨੂੰ ਲੈ ਕੇ ਪ੍ਰਗਟਾਈ ਨਾਰਾਜ਼ਗੀ:**

ਭਾਗਵਤ ਨੇ ਲੋਕ ਸਭਾ ਚੋਣਾਂ ਨੂੰ ਲੈ ਕੇ ਵੀ ਸਿਆਸੀ ਪਾਰਟੀਆਂ ਨੂੰ ਨਸੀਹਤ ਦਿੱਤੀ। ਉਨ੍ਹਾਂ ਕਿਹਾ ਕਿ ਦੋ ਧਿਰਾਂ ਹੋਣ ਕਾਰਨ ਮੁਕਾਬਲੇਬਾਜ਼ੀ ਹੁੰਦੀ ਹੈ। ਇਸ ਲਈ ਇਹ ਇਕ ਮੁਕਾਬਲੇਬਾਜ਼ੀ ਹੈ, ਇਸ ਵਿਚ ਖੁਦ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਇਸ ਵਿਚ ਇਕ ਮਾਣ ਹੁੰਦਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਵਿਚ ਤਕਨੀਕ ਦੀ ਮਦਦ ਨਾਲ ਝੂਠ ਨੂੰ ਪੇਸ਼ ਕੀਤਾ ਗਿਆ, ਝੂਠ ਨੂੰ ਪ੍ਰਚਾਰਿਤ ਕਰਨ ਲਈ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਗਈ। ਅਜਿਹਾ ਦੇਸ਼ ਕਿਵੇਂ ਚੱਲੇਗਾ?

ਸੰਘ ਦੇ ਮੁਖੀ ਮੋਹਨ ਭਾਗਵਤ ਨੇ ਇਸਲਾਮ ਅਤੇ ਈਸਾਈ ਧਰਮ ਨੂੰ ਲੈ ਕੇ ਵੀ ਵੱਡਾ ਬਿਆਨ ਦਿੱਤਾ। ਉਨ੍ਹਾਂ ਨੇ ਕਿਹਾ ਕਿ ਇਸਲਾਮ ਅਤੇ ਈਸਾਈ ਵਰਗੇ ਧਰਮਾਂ ਦੀ ਚੰਗਿਆਈ ਅਤੇ ਮਨੁੱਖਤਾ ਨੂੰ ਅਪਨਾਇਆ ਜਾਣਾ ਚਾਹੀਦਾ ਹੈ। ਸਾਰੇ ਧਰਮਾਂ ਦੇ ਪੈਰੋਕਾਰਾਂ ਨੂੰ ਇਕ-ਦੂਜੇ ਦੇ ਭੈਣ-ਭਰਾ ਵਜੋਂ ਸਨਮਾਨ ਦੇਣਾ ਚਾਹੀਦਾ ਹੈ। ਭਾਗਵਤ ਨੇ ਕਿਹਾ ਕਿ ਸਾਰਿਆਂ ਨੂੰ ਇਹ ਮੰਨਕੇ ਅੱਗੇ ਤੁਰਨਾ ਚਾਹੀਦਾ ਹੈ ਕਿ ਇਹ ਦੇਸ਼ ਸਾਡਾ ਹੈ ਅਤੇ ਇਸ ਜ਼ਮੀਨ ’ਤੇ ਜਨਮ ਲੈਣ ਵਾਲੇ ਸਾਰੇ ਲੋਕ ਸਾਡੇ ਆਪਣੇ ਹਨ।




# ਅਮਰੀਕੀ ਵਿਦਿਆਰਥੀ ਵੀਜ਼ੇ ਦੀ ਭਾਰਤ ਵਿਚ ਵਧੀ ਮੰਗ



**ਦਿਲੀ**: ਪਿਛਲੇ ਸਾਲ ਰਿਕਾਰਡ 1,40,000 ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕਰਨ ਮਗਰੋਂ ਭਾਰਤ ਸਥਿਤ ਅਮਰੀਕੀ ਕੌਂਸੁਲੇਟ ਇਸ ਸਾਲ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ’ਚ ਸੰਭਾਵੀ ਵਾਧੇ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਦੂਤਾਵਾਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਸਾਲ ਵੀਜ਼ਿਆਂ ਦੀ ਅਨੁਮਾਨਤ ਕੁੱਲ ਗਿਣਤੀ ਪਿਛਲੇ ਸਾਲ ਦੇ ਬਰਾਬਰ ਜਾਂ ਉਸ ਤੋਂ ਵੱਧ ਹੋਵੇਗੀ। ਭਾਰਤ ’ਚ ਅਮਰੀਕੀ ਮਿਸ਼ਨ ਨੇ ਅੱਜ ਦੇਸ਼ ਭਰ ’ਚ ਆਪਣਾ 8ਵਾਂ ਸਾਲਾਨਾ ਵਿਦਿਆਰਥੀ ਵੀਜ਼ਾ ਦਿਵਸ ਮਨਾਇਆ। ਇਸ ਤਹਿਤ ਨਵੀਂ ਦਿੱਲੀ, ਚੇਨੱਈ, ਹੈਦਰਾਬਾਦ, ਕੋਲਕਾਤਾ ਤੇ ਮੁੰਬਈ ਵਿਚਲੇ ਕੌਂਸੁਲੇਟ ਦੂਤਾਵਾਸ ਅਧਿਕਾਰੀਆਂ ਨੇ ਵਿਦਿਆਰਥੀ ਵੀਜ਼ੇ ਦੇ ਅਰਜ਼ੀਕਾਰਾਂ ਨਾਲ ਇੰਟਰਵਿਊਜ਼ ਕੀਤੀਆਂ। ਦਿੱਲੀ ਸਥਿਤ ਅਮਰੀਕੀ ਦੂਤਾਵਾਸ ’ਚ ਸਵੇਰ ਤੋਂ ਹੀ ਵਿਦਿਆਰਥੀਆਂ ਦੀਆਂ ਲੰਮੀਆਂ ਕਤਾਰਾਂ ਦੇਖੀਆਂ ਗਈਆਂ। ਅਮਰੀਕੀ ਯੂਨੀਵਰਸਿਟੀਆਂ ’ਚ ਵੱਡੀ ਗਿਣਤੀ ’ਚ ਭਾਰਤੀ ਵਿਦਿਆਰਥੀ ਪੜ੍ਹਦੇ ਹਨ ਅਤੇ ਪਿਛਲੇ ਸਾਲ ਭਾਰਤ ’ਚ ਅਮਰੀਕੀ ਕੌਂਸੁਲੇਟ ਨੇ 1,40,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਜੋ ਕਿਸੇ ਵੀ ਹੋਰ ਮੁਲਕ ਮੁਕਾਬਲੇ ਵੱਧ ਸਨ।






# ਭਾਜਪਾ ਨੂੰ ਇਸ ਵਾਰ ਕਿਉਂ ਲੈਣਾ ਪਿਆ 'ਡੰਗੋਰੀਆਂ' ਦਾ ਸਹਾਰਾ



ਨਰਿੰਦਰ ਮੋਦੀ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਜਾ ਰਹੇ ਹਨ। ਭਾਰਤੀ ਲੋਕਤੰਤਰ ਦੇ ਇਤਿਹਾਸ 'ਚ ਇਹ ਇਕ ਵੱਡੀ ਪ੍ਰਾਪਤੀ ਹੈ ਪਰ ਆਮ ਚੋਣਾਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਕੁਝ ਘੱਟ ਸੀਟਾਂ ਮਿਲਣ ਕਾਰਨ ਸਿਆਸੀ ਵਿਸ਼ਲੇਸ਼ਣ ਦਾ ਮੂੰਹ-ਮੱਥਾ ਪੂਰੀ ਤਰ੍ਹਾਂ ਬਦਲ ਗਿਆ ਹੈ। ਭਾਜਪਾ ਜਿੱਥੇ ਜਿੱਤਣ ਪਿੱਛੋਂ ਵੀ ਚਿੰਤਨ-ਮੰਥਨ ਦੀ ਮੁਦਰਾ 'ਚ ਹੈ, ਓਥੇ ਹੀ ਵਿਰੋਧੀ ਧਿਰ ਹਾਰ ਕੇ ਵੀ ਉਤਸ਼ਾਹਤ ਦਿਖਾਈ ਦੇ ਰਹੀ ਹੈ। ਜਿਸ ਭਾਜਪਾ ਲਈ ਆਪਣੇ ਦਮ 'ਤੇ ਆਮ ਬਹੁਮਤ ਹਾਸਲ ਕਰਨਾ ਸਹਿਜ ਲੱਗ ਰਿਹਾ ਸੀ, ਉਸ ਦੀ ਗੱਡੀ ਬਹੁਮਤ ਦੇ ਅੰਕੜੇ ਤੋਂ ਪਹਿਲਾਂ ਕਿਵੇਂ ਰੁਕ ਗਈ? ਇਸ ਸਵਾਲ ਦੀ ਪੜਤਾਲ ਕਰੀਏ ਤਾਂ ਘੱਟੋ-ਘੱਟ 70 ਅਜਿਹੀਆਂ ਸੀਟਾਂ ਰਹੀਆਂ ਜਿੱਥੇ ਸਥਾਨਕ ਕਾਰਕਾਂ ਨੇ ਭਾਜਪਾ ਦੇ ਸਮੀਕਰਨ ਵਿਗਾੜੇ। ਇਹ ਸੀਟਾਂ ਮੁੱਖ ਤੌਰ 'ਤੇ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਬੰਗਾਲ, ਹਰਿਆਣਾ ਤੇ ਰਾਜਸਥਾਨ ਦੀਆਂ ਹਨ। ਰਾਜਨੀਤਕ ਤੌਰ 'ਤੇ ਮਹੱਤਵਪੂਰਨ ਉੱਤਰ ਪ੍ਰਦੇਸ਼ ਵਿਚ ਬੀਤੀਆਂ ਆਮ ਚੋਣਾਂ ਵਿਚ ਭਾਜਪਾ ਨੂੰ 49.5 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ ਜੋ ਇਸ ਵਾਰ 41.37 ਪ੍ਰਤੀਸ਼ਤ ਰਹੀਆਂ। ਇਸੇ ਦੌਰਾਨ ਬਸਪਾ ਦਾ ਵੋਟ ਪ੍ਰਤੀਸ਼ਤ ਵੀ 19 ਤੋਂ ਘਟ ਕੇ ਨੌਂ ਫ਼ੀਸਦੀ ਰਹਿ ਗਿਆ ਜਿਸ ਦਾ ਸਿੱਧਾ ਲਾਭ ਸਮਾਜਵਾਦੀ ਪਾਰਟੀ (ਸਪਾ) ਨੂੰ ਮਿਲਿਆ ਅਤੇ ਉਹ 34 ਪ੍ਰਤੀਸ਼ਤ ਵੋਟਾਂ ਲੈ ਗਈ।

ਕੁਰਮੀ, ਕੁਸ਼ਵਾਹਾ, ਨਿਸ਼ਾਦ ਅਤੇ ਰਾਜਭਰ ਵਰਗੀਆਂ ਗ਼ੈਰ-ਯਾਦਵ ਓਬੀਸੀ ਜਾਤਾਂ ਵੀ ਸਪਾ ਦੇ ਪੱਖ ਵਿਚ ਲਾਮਬੰਦ ਹੋਈਆਂ। ਕੁਝ ਸੀਟਾਂ 'ਤੇ ਬ੍ਰਾਹਮਣਾਂ ਨੇ ਵੀ ਭਾਜਪਾ ਲਈ ਘੱਟ ਮਤਦਾਨ ਕੀਤਾ। ਪੱਛਮੀ ਉੱਤਰ ਪ੍ਰਦੇਸ਼ ਦੀਆਂ ਮੁਜ਼ੱਫਰਨਗਰ ਅਤੇ ਕੈਰਾਨਾ ਵਰਗੀਆਂ ਸੀਟਾਂ 'ਤੇ ਠਾਕੁਰ ਵੋਟਰਾਂ ਨੇ ਭਾਜਪਾ ਤੋਂ ਮੂੰਹ ਤਾਂ ਨਹੀਂ ਮੋੜਿਆ ਪਰ ਪਿਛਲੀਆਂ ਚੋਣਾਂ ਦੇ ਮੁਕਾਬਲੇ ਘੱਟ ਗਿਣਤੀ ਵਿਚ ਬੂਥ ਤੱਕ ਪੁੱਜੇ। ਕੁੱਲ ਮਿਲਾ ਕੇ ਉੱਤਰ ਪ੍ਰਦੇਸ਼ ਵਿਚ ਸਥਾਨਕ ਕਾਰਕ, ਜਾਤ-ਪਾਤ ਆਧਾਰਤ ਸਮੀਕਰਨ ਅਤੇ ਜ਼ਿਆਦਾ ਗਿਣਤੀ ਵਿਚ ਪੁਰਾਣੇ ਉਮੀਦਵਾਰ ਉਤਾਰਨੇ ਭਾਜਪਾ ਨੂੰ ਲੈ ਡੁੱਬੇ। ਅਗਨੀਪਥ ਯੋਜਨਾ ਕਾਰਨ ਨੌਜਵਾਨ ਵੀ ਉਸ ਤੋਂ ਕੁਝ ਹੱਦ ਤੱਕ ਟੁੱਟ ਗਏ। ਸਪਾ ਨੇ ਗ਼ੈਰ-ਯਾਦਵਾਂ, ਪੱਛੜੇ ਵਰਗਾਂ ਅਤੇ ਦਲਿਤਾਂ ਨੂੰ ਚਤੁਰਾਈ ਨਾਲ ਟਿਕਟਾਂ ਵੰਡ ਕੇ ਆਪਣੇ ਸਿਆਸੀ ਹਿੱਤ ਸੋਧੇ। ਪਾਰਟੀ ਨੇ 27 ਓਬੀਸੀ, 15 ਦਲਿਤ ਅਤੇ 11 ਸਵਰਨ ਜਾਤੀਆਂ ਨਾਲ ਸਬੰਧਤ ਲੋਕਾਂ ਨੂੰ ਟਿਕਟਾਂ ਦਿੱਤੀਆਂ। ਬੰਗਾਲ ਵਿਚ ਮਮਤਾ ਬੈਨਰਜੀ ਆਪਣਾ ਸਿਆਸੀ ਕਿਲ੍ਹਾ ਨਾ ਸਿਰਫ਼ ਬਚਾਉਣ ਬਲਕਿ ਉਸ ਨੂੰ ਹੋਰ ਮਜ਼ਬੂਤ ਕਰਨ ਵਿਚ ਵੀ ਕਾਮਯਾਬ ਹੋਈ। ਸੰਨ 2018 ਦੀਆਂ ਪੰਚਾਇਤ ਚੋਣਾਂ ਵਿਚ ਉਪਜੀ ਹਿੰਸਾ ਤੋਂ ਬਾਅਦ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਇੱਥੇ 40 ਪ੍ਰਤੀਸ਼ਤ ਵੋਟ ਮਿਲੇ ਸਨ। ਭਾਜਪਾ ਇਸ ਅੰਕੜੇ ਨੂੰ ਵਧਾਉਣ ਵਿਚ ਸਫਲ ਨਹੀਂ ਰਹੀ, ਉਲਟਾ ਉਸ ਦਾ ਵੋਟ ਪ੍ਰਤੀਸ਼ਤ ਹੋਰ ਘਟ ਗਿਆ।

ਦੂਜੇ ਪਾਸੇ ਮਮਤਾ ਵਿਧਾਨ ਸਭਾ ਚੋਣਾਂ ਦਾ ਆਪਣਾ 45 ਪ੍ਰਤੀਸ਼ਤ ਵੋਟ ਅੰਕੜਾ ਬਰਕਰਾਰ ਰੱਖਣ ਵਿਚ ਕਾਮਯਾਬ ਰਹੀ। ਸੰਦੇਸ਼ਖਾਲੀ ਵਰਗੇ ਮੁੱਦੇ ਦੇ ਬਾਵਜੂਦ ਮਮਤਾ ਨੂੰ ਮਹਿਲਾਵਾਂ ਦੇ 58 ਪ੍ਰਤੀਸ਼ਤ ਵੋਟ ਮਿਲੇ। ਮਹਿਲਾ ਕੇਂਦਰਿਤ ਯੋਜਨਾਵਾਂ ਦਾ ਉਨ੍ਹਾਂ ਨੂੰ ਲਾਹਾ ਮਿਲਿਆ। ਮਮਤਾ ਵਿਰੁੱਧ ਜੋ ਕੁਝ ਗੁੱਸਾ ਸੀ, ਭਾਜਪਾ ਚੰਗੇ ਉਮੀਦਵਾਰਾਂ ਦੀ ਘਾਟ ਕਾਰਨ ਉਸ ਦਾ ਲਾਹਾ ਨਹੀਂ ਲੈ ਸਕੀ। ਆਸਨਸੋਲ, ਦੁਰਗਾਪੁਰ ਅਤੇ ਮੇਦਿਨੀਪੁਰ ਦੇ ਹਾਲਾਤ ਵੀ ਅਲੱਗ ਨਹੀਂ ਸਨ। ਲੱਗਦਾ ਹੈ ਕਿ ਭਾਜਪਾ ਨੇ ਵਿਧਾਨ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਸਬਕ ਨਹੀਂ ਸਿੱਖਿਆ। ਵਿਧਾਨ ਸਭਾ ਹਾਰੇ ਕਈ ਉਮੀਦਵਾਰਾਂ ਨੂੰ ਭਾਜਪਾ ਨੇ ਲੋਕ ਸਭਾ ਚੋਣਾਂ ਲਈ ਟਿਕਟਾਂ ਫੜਾ ਦਿੱਤੀਆਂ। ਇਸ ਕਾਰਨ ਵੋਟਰਾਂ 'ਚ ਭਰੋਸਾ ਨਹੀਂ ਜਾਗਿਆ ਤੇ ਮੋਦੀ ਦੇ ਪੱਖ 'ਚ ਬਣੇ ਮਾਹੌਲ ਦਾ ਲਾਹਾ ਚੁੱਕਣੋਂ ਭਾਜਪਾ ਖੁੰਝ ਗਈ। ਮਮਤਾ ਨੇ ਸਰਕਾਰੀ ਮਸ਼ੀਨਰੀ ਤੇ ਪ੍ਰਸ਼ਾਸਨ ਦੀ ਰਣਨੀਤਕ ਵਰਤੋਂ ਨਾਲ ਸੱਤਾ ਵਿਰੋਧੀ ਰੁਝਾਨ ਨੂੰ ਮਾਤ ਦਿੱਤੀ। ਹਰਿਆਣਾ ਤੇ ਰਾਜਸਥਾਨ 'ਚ ਭਾਜਪਾ ਨੇ ਪਿਛਲੀਆਂ ਚੋਣਾਂ 'ਚ ਸ਼ਤ-ਪ੍ਰਤੀਸ਼ਤ ਸਫਲਤਾ ਹਾਸਲ ਕੀਤੀ ਸੀ ਪਰ ਇਸ ਵਾਰ ਇੱਥੇ ਲਗਪਗ ਅੱਧੀਆਂ ਸੀਟਾਂ ਉਸ ਦੇ ਹੱਥੋਂ ਖਿਸਕ ਗਈਆਂ।

ਰਾਜਸਥਾਨ 'ਚ ਨਾਗੌਰ, ਸੀਕਰ, ਝੁਨਝਨੂ, ਚੁਰੂ ਤੇ ਬਾੜਮੇਰ 'ਚ ਜਾਟ ਵੋਟਰਾਂ ਨੇ ਭਾਜਪਾ ਵਿਰੁੱਧ ਮੋਰਚਾਬੰਦੀ ਕੀਤੀ। ਟੋਂਕ-ਸਵਾਈ ਮਾਧੋਪੁਰ ਅਤੇ ਦੌਸਾ ਵਰਗੀਆਂ ਸੀਟਾਂ 'ਤੇ ਮੀਣਾ ਭਾਈਚਾਰੇ ਦਾ ਭਾਜਪਾ ਤੋਂ ਮੋਹ ਭੰਗ ਹੋ ਗਿਆ। ਰਾਜਸਥਾਨ 'ਚ ਸਰਕਾਰ ਬਣਾਉਣ ਮਗਰੋਂ ਕੁਝ ਵਰਗਾਂ ਦੀਆਂ ਉਮੀਦਾਂ 'ਤੇ ਖ਼ਰਾ ਨਾ ਉਤਰ ਸਕਣ ਦਾ ਖ਼ਮਿਆਜ਼ਾ ਵੀ ਉਸ ਨੂੰ ਭੁਗਤਣਾ ਪਿਆ। ਭਰਤਪੁਰ, ਧੌਲਪੁਰ ਵਰਗੀਆਂ ਸੀਟਾਂ 'ਤੇ ਪਾਰਟੀ ਦੇ ਪ੍ਰਤੀਬੱਧ ਵੋਟਰ ਵੀ ਉਸ ਦਾ ਸਾਥ ਛੱਡ ਕੇ ਕਾਂਗਰਸ ਦੇ ਪਾਲੇ 'ਚ ਚਲੇ ਗਏ। ਲੱਗਦਾ ਹੈ ਕਿ ਸੂਬੇ 'ਚ ਮੋਦੀ ਫੈਕਟਰ ਦੇ ਅੱਗੇ ਉਮੀਦਵਾਰਾਂ ਦੀ ਚੋਣ ਤੇ ਜਾਤ-ਪਾਤ ਆਧਾਰਤ ਸਮੀਕਰਨ ਭਾਰੀ ਪਏ। ਰਾਜਸਥਾਨ 'ਚ ਭਾਜਪਾ ਦਾ ਵੋਟ ਪ੍ਰਤੀਸ਼ਤ 58.02 ਤੋਂ ਘਟ ਕੇ 46.11% ਰਹਿ ਗਿਆ। ਹਰਿਆਣਾ 'ਚ ਰੋਹਤਕ ਤੇ ਸੋਨੀਪਤ 'ਚ ਜਾਟ ਭਾਜਪਾ ਵਿਰੁੱਧ ਲਾਮਬੰਦ ਹੋਏ। ਦਿਹਾਤੀ ਇਲਾਕਿਆਂ ਵਿਚ ਵੀ ਕਾਂਗਰਸ ਦੇ ਪੱਖ ਵਿਚ ਮਤਦਾਨ ਵਧਿਆ। ਸਿਰਸਾ ਸੀਟ 'ਤੇ ਦਲਿਤ ਵੋਟਰਾਂ ਨੇ ਕਾਂਗਰਸ ਨੂੰ ਤਰਜੀਹ ਦਿੱਤੀ। ਇੱਥੇ ਪਿਛਲੀਆਂ ਚੋਣਾਂ ਵਿਚ ਭਾਜਪਾ ਨੂੰ 58% ਵੋਟਾਂ ਪਈਆਂ ਸਨ ਜਦਕਿ ਇਨ੍ਹਾਂ ਚੋਣਾਂ 'ਚ 46.11 ਫ਼ੀਸਦੀ। ਅਠਤਾਲੀ ਲੋਕ ਸਭਾ ਸੀਟਾਂ ਵਾਲੇ ਮਹਾਰਾਸ਼ਟਰ 'ਚ ਜਿੱਥੇ ਪਿਛਲੀਆਂ ਚੋਣਾਂ 'ਚ ਭਾਜਪਾ ਨੂੰ 27.59% ਵੋਟਾਂ ਮਿਲੀਆਂ ਸਨ ਓਥੇ ਹੀ ਇਸ ਵਾਰ 26.18 ਫ਼ੀਸਦੀ।

ਕਾਂਗਰਸ ਦਾ ਵੋਟ ਪ੍ਰਤੀਸ਼ਤ ਲਗਪਗ ਸਥਿਰ ਰਿਹਾ ਪਰ ਉਸ ਦੀਆਂ ਸੀਟਾਂ ਦੀ ਗਿਣਤੀ ਇਕ ਤੋਂ ਵਧ ਕੇ 13 ਹੋ ਗਈ। ਊਧਵ ਠਾਕਰੇ ਅਤੇ ਕਾਂਗਰਸ ਦੇ ਵੋਟਾਂ ਦੇ ਪੂਰੀ ਤਰ੍ਹਾਂ ਨਾਲ ਤਬਾਦਲੇ ਦੀ ਉਮੀਦ ਤਾਂ ਪਹਿਲਾਂ ਤੋਂ ਹੀ ਸੀ ਪਰ ਭਾਜਪਾ ਮੁੰਬਈ ਅਤੇ ਵਿਦਰਭ ਵਿਚ ਪਿਛਲੀਆਂ ਚੋਣਾਂ ਵਰਗਾ ਚਮਤਕਾਰ ਨਹੀਂ ਦੁਹਰਾ ਸਕੀ। ਭਾਜਪਾ ਨੂੰ ਆਪਣੇ ਸਹਿਯੋਗੀਆਂ ਤੋਂ ਵੀ ਉਮੀਦ ਮੁਤਾਬਕ ਲਾਭ ਨਹੀਂ ਮਿਲਿਆ। ਰਾਸ਼ਟਰੀ ਪੱਧਰ ਦੀ ਗੱਲ ਕਰੀਏ ਤਾਂ ਭਾਜਪਾ ਦਾ ਵੋਟ ਪ੍ਰਤੀਸ਼ਤ ਪਿਛਲੀਆਂ ਚੋਣਾਂ ਦੇ ਬਰਾਬਰ ਹੀ ਰਿਹਾ।

ਦੱਖਣੀ ਭਾਰਤ ਵਿਚ ਉਸ ਨੂੰ ਕਾਂਗਰਸ ਦੇ ਮੁਕਾਬਲੇ ਜ਼ਿਆਦਾ ਵੋਟਾਂ ਮਿਲੀਆਂ। ਕਾਂਗਰਸ ਨਾਲ ਸਿੱਧੇ ਮੁਕਾਬਲੇ ਵਿਚ ਵੀ ਭਾਜਪਾ ਦਾ ਪਲੜਾ ਖ਼ਾਸਾ ਭਾਰੀ ਰਿਹਾ। ਹਾਲਾਂਕਿ ਉਮੀਦਵਾਰਾਂ ਦੀ ਚੋਣ ਅਤੇ ਉੱਤਰ ਪ੍ਰਦੇਸ਼ ਵਿਚ ਸੋਸ਼ਲ ਇੰਜੀਨੀਅਰਿੰਗ ਦੇ ਮੁਹਾਜ਼ 'ਤੇ ਮਿਲੀ ਮਾਤ ਨੇ ਭਾਜਪਾ ਦੀਆਂ ਸੀਟਾਂ ਦੀ ਗਿਣਤੀ ਘਟਾਉਣ ਵਿਚ ਅਹਿਮ ਭੂਮਿਕਾ ਨਿਭਾਈ। ਜੇ ਉਸ ਵਿਰੁੱਧ ਸੱਤਾ ਵਿਰੋਧੀ ਰੁਝਾਨ ਹੁੰਦਾ ਤਾਂ ਉਸ ਨੂੰ ਪਿਛਲੀ ਵਾਰ ਦੇ ਲਗਪਗ ਬਰਾਬਰ ਵੋਟਾਂ ਨਾ ਮਿਲਦੀਆਂ। ਚੋਣ ਨਤੀਜੇ ਆਉਣ ਤੋਂ ਬਾਅਦ ਐਗਜ਼ਿਟ ਪੋਲਜ਼ ਨੂੰ ਵੀ ਨਿਸ਼ਾਨੇ 'ਤੇ ਲਿਆ ਗਿਆ ਪਰ ਅਜਿਹਾ ਕਰਨ ਵਾਲੇ ਜਾਣ ਲੈਣ ਕਿ ਇਨ੍ਹਾਂ ਸਰਵੇਖਣਾਂ ਵਿਚ ਜਨਤਾ ਦੀ ਧਾਰਨਾ ਦੇ ਅਨੁਪਾਤ ਵਿਚ ਹੀ ਮੁਲਾਂਕਣ ਪੇਸ਼ ਕੀਤਾ ਜਾਂਦਾ ਹੈ।

-ਪ੍ਰਦੀਪ ਭੰਡਾਰੀ

SW MEDIA GROUP
ਪੰਜਾਬੀ ਜਰਨਲ
DELTA OFFICE:
#3 7953 120 St. Delta BC., V4C 6P6
Ph : 604-507-8009
Fax: 1-855-796-3342
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।

RETURN UNDELIVERABLE TO CIRCULATION WING
SW MEDIA GROUP
#13 - 11888 MELLIS DR.
RICHMOND BC
V6X 1M1
PUBLICATION MAIL
Contract/Agreement
# is 41798524

0826193 BC Ltd. dba
SW Media Group
(Punjabi Journal)
is not responsible or legally liable for any matter or typing mistake.

**Managing Director**
KANWALJEET SINGH RANDHAWA


**For Advertising**
Lucky, Jaspreet, Abhi, Sabby

**Graphic Designer**
Ashu Kashyap

RED SWAN
Immigration Consultancy
Licence Number : R710351
Sumit Kaur
ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸੰਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ।
Address : 8338-120 Street, Surrey, BC +1(250)910-2355

# ਹੁਣ ਨਹੀਂ ਲੱਭਣੇ ਮੋਢਾ ਦੇਣ ਲਈ ਵੀ ਬੰਦੇ

ਪੰਜਾਬੀ ਦੇ ਅਜ਼ੀਮ ਸ਼ਾਇਰ ਸੁਰਜੀਤ ਪਾਤਰ ਦਾ ਇਹ ਸ਼ੇਅਰ ਬਹੁਤ ਚਰਚਾ ਵਿਚ ਰਿਹਾ ਹੈ;'ਏਨਾ ਸੱਚ ਨਾਂ ਬੋਲ ਕਿ 'ਕੱਲਾ ਰਹਿ ਜਾਵੇਂ',ਚਾਰ ਕੁ ਬੰਦੇ ਰੱਖ ਲੈ ਮੋਢਾ ਦੇਣ ਲਈ'। ਇਸ ਵਿਚ ਤਾਂ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਸੱਚ ਦੀ ਤਾਕਤ ਹੀ ਅਜਿਹੀ ਹੁੰਦੀ ਹੈ ਕਿ ਇਸ ਦਾ ਸਾਹਮਣਾ ਕਰਨ ਦਾ ਜਿਗਰਾ ਵਿਰਲਿਆਂ ਵਿਚ ਹੀ ਹੁੰਦਾ ਹੈ। ਇਸੇ ਕਾਰਨ ਹੀ ਸੱਚ ਦੇ ਰਾਹ ਤੁਰਨ ਵਾਲਿਆਂ ਦਾ ਬਹੁਤੇ ਸਾਥ ਛੱਡ ਜਾਂਦੇ ਹਨ। ਪਰ ਸੱਚ ਦੀ ਬਾਤ ਪਾਉਣ ਵਾਲੇ ਕਦੇ ਇਸ ਗੱਲ ਦੀ ਪਰਵਾਹ ਤੇ ਚਿੰਤਾ ਨਹੀਂ ਕਰਦੇ ਕਿ ਕੋਈ ਉਨ੍ਹਾਂ ਦਾ ਸਾਥ ਦੇਣ ਲਈ ਬਚਿਆ ਹੈ ਜਾਂ ਨਹੀਂ।



ਅਜੋਕਾ ਸਮਾਜ ਤਰੱਕੀ ਦੀਆਂ ਮੰਜ਼ਿਲਾਂ ਤੈਅ ਕਰਦਾ ਹੁਣ ਅਜਿਹੇ ਮੋੜ 'ਤੇ ਪਹੁੰਚ ਗਿਆ ਹੈ ਕਿ ਹੁਣ ਉਹ ਕੁਝ ਵਾਪਰਨ ਲੱਗ ਪਿਆ ਹੈ, ਜਿਸ ਬਾਰੇ ਪਹਿਲਾਂ ਕਦੇ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਸੀ। ਸ਼ਾਇਰ ਨੇ ਤਾਂ ਬਹੁਤ ਵੱਡੀ ਗੱਲ ਕੀਤੀ ਹੈ। ਪਰ ਸੁਆਲਾਂ ਦਾ ਸੁਆਲ ਤਾਂ ਇਹ ਕਿ ਹੁਣ ਅਰਥੀ ਨੂੰ ਮੋਢਾ ਦੇਣ ਲਈ 'ਚਾਰ ਕੁ ਬੰਦੇ' ਬਚੇ ਹੀ ਕਿੱਥੇ ਹਨ।

ਸਾਡੀ ਰਵਾਇਤ ਰਹੀ ਹੈ ਕਿ ਮਰ ਚੁੱਕੇ ਵਿਅਕਤੀ ਨੂੰ ਘਰ-ਪਰਿਵਾਰ ਤੇ ਆਲੇ-ਦੁਆਲੇ ਗਲੀ-ਗੁਆਂਢ ਦੇ ਬੰਦੇ, ਸਸਕਾਰ ਸਮੇਂ ਸ਼ਮਸ਼ਾਨ-ਘਾਟ ਲਿਜਾਣ ਲਈ ਵਾਰੀ ਵਾਰੀ ਮੋਢਾ ਦੇਣਾ ਆਪਣਾ ਫਰਜ਼ ਸਮਝਦੇ ਹਨ। ਕਈ ਵਾਰ ਸ਼ਮਸ਼ਾਨ-ਘਾਟ ਪਿੰਡ ਤੋਂ ਦੂਰ ਹੋਣ ਕਾਰਨ, ਇਕ ਦੂਜੇ ਨੂੰ ਸਾਹ ਦਵਾਉਣ ਲਈ,ਵਧੇਰੇ ਵਿਅਕਤੀ ਅਰਥੀ ਨੂੰ ਮੋਢਾ ਦਿੰਦੇ ਹਨ। ਸ਼ਹਿਰਾਂ ਵਿਚ ਤਾਂ ਸ਼ਮਸ਼ਾਨ-ਘਾਟ ਦੂਰ ਹੋਣ ਕਾਰਨ ਸਪੈਸ਼ਲ ਗੱਡੀਆਂ ਬਣਾਈਆਂ ਹੋਈਆਂ ਹਨ, ਜਿਨ੍ਹਾਂ ਵਿਚ ਮ੍ਰਿਤਕ ਸਰੀਰ ਨੂੰ ਲਿਜਾਇਆ ਜਾਂਦਾ ਹੈ। ਪਿੰਡਾਂ ਵਿਚ ਤਾਂ ਅਜੇ ਭਾਈਚਾਰਕ ਸਾਂਝ ਦੀਆਂ ਤੰਦਾਂ ਮਜ਼ਬੂਤ ਹੋਣ ਕਾਰਨ, ਸਾਰੇ ਇਕ ਦੂਜੇ ਦੇ ਦੁੱਖ-ਸੁੱਖ ਵਿਚ ਸ਼ਾਮਲ ਹੁੰਦੇ ਹਨ। ਖ਼ਾਸ ਤੌਰ 'ਤੇ ਕੋਈ ਮੌਤ ਹੋਣ ਸਮੇਂ ਤਾਂ ਅਰਥੀ ਮਗਰ ਜਾਂ ਅਫਸੋਸ ਲਈ ਜਾਣਾ ਜ਼ਰੂਰੀ ਸਮਝਿਆ ਜਾਂਦਾ ਹੈ। ਪਰ ਅਰਥੀ ਨੂੰ ਮੋਢਾ ਦੇਣ ਵਾਲੀ ਸਥਿਤੀ ਹੁਣ ਪਿੰਡਾਂ ਵਿਚ ਵੀ ਬਹੁਤੀ ਨਹੀਂ ਰਹੀ।

ਭਾਵੇਂ ਸਮਿਆਂ ਦੀ ਤੋਰ ਪੂਰੀ ਤਰ੍ਹਾਂ ਬਦਲ ਚੁੱਕੀ ਹੈ ਤੇ ਮਨੁੱਖ ਨੇ ਤਰੱਕੀ ਦੀਆਂ ਅਨੇਕਾਂ ਮੰਜ਼ਿਲਾਂ ਤੈਅ ਕਰ ਲਈਆਂ ਹਨ। ਪਰ ਜਾਂਦੀ ਵਾਰ ਅਰਥੀ ਨੂੰ ਸਹਾਰਾ ਦੇਣ ਵਾਲਾ ਵੀ ਕੋਈ ਨਾਂ ਬਚੇ ਤਾਂ ਗੱਲ ਚਿੰਤਾਜਨਕ ਤਾਂ ਹੈ ਹੀ। ਕੁਝ ਲੋਕ ਤਾਂ ਕਹਿੰਦੇ ਹਨ ਕਿ ਇਸ ਨਾਲ ਕੀ ਫ਼ਰਕ ਪੈਂਦਾ ਹੈ ਕਿ ਮ੍ਰਿਤਕ-ਦੇਹ ਨੂੰ ਮੋਢੇ ਚੁੱਕ ਕੇ ਲਿਜਾਇਆ ਜਾਂਦਾ ਹੈ ਜਾਂ ਕਿਸੇ ਵਾਹਨ ਵਿਚ ਪਾ ਕੇ। ਅਸਲ ਵਿਚ ਇਹ ਗੱਲ ਮਨੁੱਖੀ ਦੇਹ ਦੇ ਸਤਿਕਾਰ ਦੀ ਹੈ। ਅਰਥੀ ਨੂੰ ਮੋਢਾ ਦੇ ਕੇ ਸਤਿਕਾਰ ਨਾਲ, ਸਸਕਾਰ ਲਈ ਲੈ ਜਾਣ ਨੂੰ ਪੁੰਨ-ਕਰਮ ਮੰਨਿਆਂ ਜਾਂਦਾ ਸੀ। ਇਹ ਵਿਅਕਤੀ ਮ੍ਰਿਤਕ ਦੀਆਂ ਅਰਥੀਆਂ ਚੁਗਣ ਸਮੇਂ ਵੀ ਨਾਲ ਲਜਾਏ ਜਾਦੇ ਸਨ। ਕਈ ਤਰ੍ਹਾਂ ਦੇ ਸੰਸਕਾਰਾਂ ਵਿਚ ਉਲਝੇ ਸਾਡੇ ਸਮਾਜ ਵਿਚ ਧੀਆਂ ਵਲੋਂ ਅਰਥੀ ਨੂੰ ਮੋਢਾ ਦੇਣਾ ਵਿਵਰਜਤ ਸੀ।

ਪਰ ਸਮਿਆਂ ਨੇ ਐਸੀ ਕਰਵਟ ਲਈ ਹੈ ਕਿ ਹੁਣ ਧੀਆਂ ਵਲੋਂ ਵੀ ਅਰਥੀ ਨੂੰ ਮੋਢਾ ਦੇਣ ਦੀਆਂ ਖ਼ਬਰਾਂ ਅਕਸਰ ਹੀ ਛਪਦੀਆਂ ਹਨ। ਇਸ ਗੱਲ ਵਿਚ ਕੋਈ ਬੁਰਾਈ ਵੀ ਨਹੀਂ ਹੈ। ਜੇ ਪੁੱਤਰ ਧੀਆਂ ਬਰਾਬਰ ਹਨ ਤੇ ਧੀਆਂ ਮਾਪਿਆਂ ਦੀ ਜਾਇਦਾਦ ਦੀਆਂ ਕਾਨੂੰਨੀ ਰੂਪ ਵਿਚ ਹੱਕਦਾਰ ਹਨ, ਤਾਂ ਉਹ ਆਪਣੇ ਮਾਪਿਆਂ ਪ੍ਰਤੀ ਇਹ ਫਰਜ਼ ਕਿਉ ਨਾਂ ਨਿਭਾਉਣ। ਅਕਸਰ ਹੀ ਪੜ੍ਹਦੇ-ਸੁਣਦੇ ਹਾਂ ਕਿ ਪੁੱਤਰਾਂ ਨੇ ਮਾਪਿਆਂ ਨੂੰ ਘਰੋਂ ਕੱਢ ਦਿੱਤਾ। ਅਜਿਹੇ ਸਮੇਂ ਧੀਆਂ ਹੀ ਮਾਪਿਆਂ ਦੀ ਬਿਰਧ ਅਵਸਥਾ ਦੀ ਡੰਗੋਰੀ ਬਣਦੀਆਂ ਹਨ।

ਅਸਲ ਵਿਚ ਇਹ ਸਮੱਸਿਆ ਕਿਸੇ ਇਕ ਪਿੰਡ ਦੀ ਨਹੀਂ ਹੈ। ਸਾਰਾ ਪੰਜਾਬ ਹੀ ਇਸ ਤਰ੍ਹਾਂ ਦੇ ਸੰਕਟਾਂ ਵਿਚੋਂ ਗੁਜ਼ਰ ਰਿਹਾ ਹੈ। ਬੇਰੁਜ਼ਗਾਰੀ ਦੇ ਸੰਕਟ ਕਾਰਨ ਆਪਣੇ ਭਵਿੱਖ ਨੂੰ ਬਚਾਉਣ ਲਈ, ਮਾਪੇ ਆਪਣੇ ਬੱਚਿਆਂ ਨੂੰ ਹਰ ਹੀਲੇ ਵਿਦੇਸ਼ਾਂ ਵਿਚ ਭੇਜਣ ਲਈ ਮਜਬੂਰ ਹਨ। ਪੰਜਾਬ ਦੀ ਜੁਆਨੀ ਵੀ ਇੱਥੋਂ ਪਰਵਾਸ ਕਰਦੀ ਜਾ ਰਹੀ ਹੈ ਤੇ ਨਾਲ ਹੀ ਵੱਡੀ ਮਾਤਰਾ ਵਿਚ ਸਰਮਾਇਆ ਵੀ ਜਾ ਰਿਹਾ ਹੈ। ਹੁਣ ਹਾਲਤ ਇਹ ਹੈ ਕਿ ਜਿਹੜਾ ਇਕ ਵਾਰ ਚਲੇ ਜਾਂਦਾ ਹੈ, ਉਹ ਕਦੇ ਵਾਪਸ ਨਹੀਂ ਪਰਤਦਾ। ਮਾਪੇ ਵੀ ਬੱਚਿਆਂ ਦੇ ਮਗਰ-ਮਗਰ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੇਚ ਕੇ ਪੰਜਾਬ ਨੂੰ ਖਾਲੀ ਕਰਦੇ ਜਾ ਰਹੇ ਹਨ। ਹੁਣ ਤਾਂ ਉਹੀ ਨੌਜਵਾਨ ਘਰ ਬੈਠਾ ਹੈ, ਜਿਸ ਦਾ ਵਿਦੇਸ਼ ਜਾਣ ਦਾ ਕੋਈ ਜੁਗਾੜ ਨਹੀਂ ਬਣਿਆਂ। ਇੱਥੇ ਰਹਿਣ ਲਈ ਕੋਈ ਤਿਆਰ ਹੀ ਨਹੀਂ। ਹਾਲਾਂਕਿ ਵਿਦੇਸ਼ਾਂ ਵਿਚ ਜਾ ਕੇ ਇੱਥੋਂ ਕਿਤੇ ਵੱਧ ਸੰਘਰਸ਼ ਕਰਨਾ ਪੈਂਦਾ ਹੈ, ਤਾਂ ਜਾ ਕੇ ਬੰਦਾ ਪੈਰਾਂ 'ਤੇ ਖੜਾ ਹੁੰਦਾ ਹੈ। ਬਿਨਾਂ ਸ਼ੱਕ ਅਜੋਕੇ ਸਮਿਆਂ ਵਿਚ ਦੇਸ਼ ਨੇ ਤਰੱਕੀ ਦੀਆਂ ਉੱਚੀਆਂ ਮੰਜ਼ਿਲਾਂ ਤੈਅ ਕੀਤੀਆਂ ਹਨ। ਪਦਾਰਥਕ ਤਰੱਕੀ ਵਿਚ ਤਾਂ ਕੋਈ ਕਮੀ ਨਹੀਂ ਹੈ, ਪਰ ਮਾਨਵੀ ਕਦਰਾਂ-ਕੀਮਤਾਂ ਦੇ ਪੱਖੋਂ ਅਸੀਂ ਅਜੇ ਵੀ ਬਹੁਤ ਪੱਛੜੇ ਹੋਏ ਹਾਂ। ਨਿੱਕੀਆਂ-ਨਿੱਕੀਆਂ ਗੱਲਾਂ ਕਾਰਨ ਹੀ ਸਮਾਜ ਵਿਚ ਸਾੜਾ-ਕੀਨਾ ਤੇ ਵੈਰ-ਵਿਰੋਧ ਇਸ ਕਦਰ ਭਾਰੂ ਹੈ ਕਿ ਇਹ ਜਾਪਦਾ ਹੀ ਨਹੀਂ ਕਿ ਅਜੋਕੇ ਸਮਿਆਂ ਦਾ ਆਪਣੇ ਆਪ ਨੂੰ 'ਪੜ੍ਹਿਆ-ਲਿਖਿਆ' ਸਮਝਦਾ ਇਨਸਾਨ ਅੰਦਰੋਂ ਏਨਾ ਖੋਖਲਾ ਵੀ ਹੋ ਸਕਦਾ ਹੈ।

ਗੱਲ ਤੁਰੀ ਸੀ ਅਰਥੀ ਨੂੰ ਮੋਢਾ ਦੇਣ ਤੋਂ। ਪਰ ਹੁਣ ਤਾਂ ਜ਼ਮਾਨਾਂ ਇਸ ਤਰ੍ਹਾ ਦਾ ਹੈ ਕਿ ਕਿਸੇ ਦੁਖੀ ਬੰਦੇ ਦੇ ਮੋਢੇ 'ਤੇ ਵੀ ਹੱਥ ਰੱਖ ਕੇ ਹੌਸਲਾ ਦੇਣ ਵਾਲੇ ਵਿਰਲੇ ਹੀ ਬਚੇ ਹਨ। ਲੱਤਾਂ ਖਿੱਚਣ ਵਾਲੇ ਤਾਂ ਬਹੁਤ ਹਨ, ਪਰ ਕਿਸੇ ਦਾ ਹੱਥ ਫੜਨ ਵਾਲੇ ਕਿਤੇ ਹੀ ਲੱਭਦੇ ਹਨ। ਜੇ ਪੰਜਾਬੀਆਂ ਦੇ ਪਰਵਾਸ ਦੀ ਇਹੀ ਸਥਿਤੀ ਰਹੀ ਤਾਂ, ਆਉਣ ਵਾਲੇ ਦਸ-ਵੀਹ ਸਾਲਾਂ ਦੇ ਸਮੇਂ ਦਾ ਕਿਆਸ ਕਰਕੇ ਮਨ ਡਰ ਜਾਂਦਾ ਹੈ ਕਿ ਸ਼ਾਇਦ ਇੱਥੇ ਤਾਂ ਪੰਜਾਬੀ ਬੰਦਾ ਕਿਤੇ ਦੂਰ-ਦੂਰ ਤੱਕ ਨਾ ਦਿਸੇ। ਭਵਿੱਖ ਵਿਚ ਜਿਹੜੇ ਪਿੰਡ ਨੇ ਮ੍ਰਿਤਕ-ਦੇਹਾਂ ਲਿਜਾਣ ਲਈ ਕੋਈ ਪ੍ਰਬੰਧ ਨਾ ਕੀਤਾ, ਉਨ੍ਹਾਂ ਨੂੰ ਤਾਂ ਸੰਭਵ ਹੈ ਕਿ 'ਚਾਰ ਕੁ ਬੰਦੇ' ਦਿਹਾੜੀ 'ਤੇ ਲਿਜਾਣੇ ਪੈਣ। ਜਿਵੇਂ ਵਿਆਹ-ਸ਼ਾਦੀਆਂ ਦੇ ਸਾਰੇ ਕਾਰਜ ਆਪਣੀ ਸੌਖ ਲਈ ਹੁਣ ਠੇਕੇ 'ਤੇ ਦੇ ਦਿੱਤੇ ਜਾਂਦੇ ਹਨ, ਬਿਲਕੁਲ ਇਸ ਤਰ੍ਹਾਂ ਹੀ ਕੱਲ੍ਹ-ਕਲੋਤਰ ਨੂੰ ਆਪਣੀ ਫ਼ੀਸ ਲੈ ਕੇ ਕੋਈ ਏਜੰਸੀ ਮ੍ਰਿਤਕ ਦੇ ਸਸਕਾਰ ਦੀ ਵੀ ਸਾਰੀ ਜ਼ਿੰਮੇਵਾਰੀ ਲੈ ਕੇ, ਘਰ ਵਾਲਿਆਂ ਨੂੰ ਚਿੰਤਾ ਵਿੱਚੋਂ ਕੱਢ ਸਕਦੀ ਹੈ।

**- ਗੁਰਬਿੰਦਰ ਸਿੰਘ ਮਾਣਕ**

# ਅਜੀਤ ਡੋਵਾਲ ਤੀਜੀ ਵਾਰ ਬਣੇ ਰਾਸ਼ਟਰੀ ਸੁਰੱਖਿਆ ਸਲਾਹਕਾਰ

ਦੇਸ਼ ਵਿੱਚ ਤੀਜੀ ਵਾਰ ਮੋਦੀ ਸਰਕਾਰ ਬਣੀ ਹੈ ਅਤੇ ਇਸ ਦੇ ਨਾਲ ਹੀ ਮੰਤਰੀਆਂ ਨੂੰ ਉਨ੍ਹਾਂ ਦੇ ਮੰਤਰਾਲੇ ਵੀ ਅਲਾਟ ਕਰ ਦਿੱਤੇ ਗਏ ਹਨ। ਵੀਰਵਾਰ ਨੂੰ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ।



ਅਜੀਤ ਡੋਭਾਲ ਨੂੰ ਲਗਾਤਾਰ ਤੀਜੀ ਵਾਰ ਰਾਸ਼ਟਰੀ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਅਜੀਤ ਡੋਵਾਲ ਨੂੰ ਪਹਿਲੀ ਵਾਰ 20 ਮਈ 2014 ਨੂੰ ਦੇਸ਼ ਦਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। ਉਦੋਂ ਤੋਂ ਡੋਭਾਲ ਇਹ ਅਹੁਦਾ ਸੰਭਾਲ ਰਹੇ ਹਨ। ਉਨ੍ਹਾਂ ਤੋਂ ਪਹਿਲਾਂ ਸ਼ਿਵਸ਼ੰਕਰ ਮੈਨਨ ਦੇਸ਼ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸਨ। 1968 ਬੈਚ ਦੇ ਆਈਪੀਐਸ ਅਧਿਕਾਰੀ ਅਜੀਤ ਡੋਵਾਲ ਨੂੰ ਕੂਟਨੀਤਕ ਸੋਚ ਅਤੇ ਅੱਤਵਾਦ ਦਾ ਮੁਕਾਬਲਾ ਕਰਨ ਵਿੱਚ ਮਾਹਰ ਮੰਨਿਆ ਜਾਂਦਾ ਹੈ।

ਦੂਜੇ ਪਾਸੇ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਪੀਕੇ ਮਿਸ਼ਰਾ ਇਸ ਜ਼ਿੰਮੇਵਾਰੀ ਨੂੰ ਸੰਭਾਲਦੇ ਰਹਿਣਗੇ। ਕੇਂਦਰੀ ਮੰਤਰੀ ਮੰਡਲ ਦੀ ਨਿਯੁਕਤੀ ਕਮੇਟੀ ਨੇ ਅਜੀਤ ਡੋਭਾਲ ਅਤੇ ਪੀਕੇ ਮਿਸ਼ਰਾ ਦੀ ਮੁੜ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਆਈਏਐਸ (ਸੇਵਾਮੁਕਤ) ਪੀਕੇ ਮਿਸ਼ਰਾ ਨੂੰ 10 ਜੂਨ, 2024 ਤੋਂ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਵਜੋਂ ਨਿਯੁਕਤ ਕੀਤਾ ਗਿਆ ਸੀ। ਪੀਕੇ ਮਿਸ਼ਰਾ 1972 ਬੈਚ ਦੇ ਆਈਪੀਐਸ ਅਧਿਕਾਰੀ ਹਨ। ਉਹ ਪਿਛਲੇ ਇੱਕ ਦਹਾਕੇ ਤੋਂ ਪ੍ਰਧਾਨ ਮੰਤਰੀ ਮੋਦੀ ਦੇ ਨਾਲ ਪ੍ਰਮੁੱਖ ਸਕੱਤਰ ਵਜੋਂ ਕੰਮ ਕਰ ਰਹੇ ਹਨ।



# ਨੂੰਹ ਸੱਸ ਦਾ ਹੈ ਬੜਾ ਗਹਿਰਾ ਰਿਸ਼ਤਾ

ਨੂੰਹ-ਸੱਸ ਦਾ ਪਵਿੱਤਰ ਰਿਸ਼ਤਾ ਬੜਾ ਗੂੜ੍ਹਾ ਹੁੰਦਾ ਹੈ। ਨੂੰਹ ਦੀ ਅਸਲੀ ਮਾਂ ਤਾਂ ਸੱਸ ਹੀ ਹੁੰਦੀ ਹੈ ਕਿਉਂਕਿ ਸੱਸ ਕੋਲ ਹੀ ਨੂੰਹ ਨੇ ਸਾਰੀ ਜ਼ਿੰਦਗੀ ਲੰਘਾਉਣੀਂ ਹੁੰਦੀ ਹੈ। ਜੋ ਜਨਮ ਦੇਣ ਵਾਲੀ ਮਾਂ ਹੈ, ਉਹ ਤਾਂ ਬੱਸ ਧੀ ਨੂੰ 18-20 ਸਾਲ ਤੱਕ ਪਾਲਣ-ਪੋਸ਼ਣ, ਪੜ੍ਹਾਉਣ-ਲਿਖਾਉਣ ਤੱਕ ਹੀ ਸੀਮਤ ਰਹਿ ਜਾਂਦੀ ਹੈ।ਵਿਆਹ ਹੋਣ ਉਪਰੰਤ ਆਪਣੇ ਪੇਟੋਂ ਜੰਮੀ ਧੀ ਤਾਂ ਆਪਣੀ ਮਾਂ ਤੋਂ ਦੂਰ ਹੋ ਜਾਂਦੀ ਹੈ ਤੇ ਘਰ ਵਿਚ ਆਈ ਨੂੰਹ ਰਾਣੀ ਧੀ ਵਾਲੀ ਜਗ੍ਹਾ ਹਾਸਲ ਕਰ ਲੈਂਦੀ ਹੈ।ਸੋ ਸਹੁਰੇ ਘਰ ਸੱਸ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਨੂੰਹ ਨੂੰ ਧੀ ਰਾਣੀ ਵਾਲਾ ਪਿਆਰ, ਰਹਿਣ-ਸਹਿਣ,ਦੇਖ ਰੇਖ ਉਸੇ ਤਰ੍ਹਾਂ ਹੀ ਕਰੇ ਜਿਸ ਤਰ੍ਹਾਂ ਉਹ ਆਪਣੀ ਕੁੱਖੋਂ ਜਨਮੀਂ ਧੀ ਨਾਲ ਕਰਦੀ ਹੈ ਤੇ ਨਾਲੋ-ਨਾਲ ਇਸ ਗੱਲ ਨੂੰ ਵੀ ਧਿਆਨ ਵਿਚ ਰੱਖੇ ਕਿ ਉਸਦੀ ਧੀ ਨੇ ਵੀ ਇੱਕ ਦਿਨ ਉਸ ਤੋਂ ਪਰਾਈ ਹੋ ਜਾਣਾ ਹੈ ਜਾਂ ਹੋ ਗਈ ਹੈ। ਆਖ਼ਰ ਜੋ ਸੱਸ ਬਣਦੀ ਹੈ, ਉਹ ਵੀ ਤਾਂ ਪਹਿਲਾਂ ਇੱਕ ਦਿਨ ਕਿਸੇ ਦੀ ਨੂੰਹ ਰਾਣੀ ਬਣ ਕੇ ਆਉਂਦੀ ਹੈ ਨਾ ਕਿ ਉਸ ਨੂੰ ਸਿੱਧੇ ਤੌਰ 'ਤੇ ਸੱਸ ਦਾ ਰੁਤਬਾ ਹਾਸਲ ਹੁੰਦਾ ਹੈ ਤੇ ਨੂੰਹ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਵੀ ਸੱ ਨੂੰ ਸਕੀ ਮਾਂ ਨਾਲੋਂ ਵੀ ਵੱਧ ਪਿਆਰ ਜਤਾਵੇ ਪਰ ਹੁਣ ਆਪਸੀ ਨੋਕ-ਝੋਕ ਤਾਂ ਕੀ ਹੋਣੀ ਹੈ ਸਗੋਂ ਆਪਸੀ ਗ ਲੱਗ ਕੇ ਮਿਲਣ ਨੂੰ ਵੀ ਕਈ ਸਾਲ ਤਰਸੇਵੇਂ ਭਰੀ ਉਡੀਕ ਕਰਨੀਂ ਪੈ ਰਹੀ ਹੈ ਤੇ ਸਿਰਫ਼ ਇੱਕ ਦਹਾਕੇ ਤੋਂ ਪਹਿਲਾਂ ਦਾ ਸਮਾਂ ਹੀ ਗੁਜ਼ਰਿਆ ਹੈ ਕਿ ਜਦੋਂ ਕੁਝ ਕੁ ਵਿਚਾਰਾਂ ਕਰਕੇ ਨੂੰਹ ਨੂੰ ਆਪਣੇ ਸਹੁਰੇ ਘਰੋਂ ਸੰਤੁਸ਼ਟੀ ਨਹੀਂ ਸੀ ਮਿਲਦੀ ਹੁੰਦੀ ਤੇ ਸਹੁਰੇ ਟੱਬਰ ਦੇ ਜੀਆਂ ਦੇ ਖਾਹ-ਮਖਾਹ, ਪੈਰ-ਪੈਰ 'ਤੇ ਨੋਕ-ਝੋਕ, ਗੱਲੀਂ-ਗੱਲੀਂ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਸੀ ਤੇ ਸੱਜ ਵਿਆਹੀ ਦੇ ਸੱਜਰੇ-ਸੱਜਰੇ ਚਾਅ ਅੰਦਰੋਂ-ਅੰਦਰੀਂ ਦੱਬ ਕੇ ਰਹਿ ਜਾਂਦੇ ਸਨ। ਸੋ ਪੇਸ਼ ਹਨ ਕੁਝ ਬੀਤੇ ਸਮੇਂ ਦੀਆਂ ਉਹ ਗੱਲਾਂ ਜਦੋਂ ਪੰਜਾਬਣ ਮੁਟਿਆਰ ਦਿਲ ਦੇ ਅੰਦਰਲੇ ਉੱਠਦੇ ਹਾਵ ਭਾਵਾਂ ਨੂੰ ਸਿੱਠਣੀਆਂ, ਟੱਪਿਆਂ ਰਾਹੀਂ ਜ਼ਾਹਿਰ ਕਰਦੀ ਹੋਈ ਆਪਣੇ ਪਤੀ ਪਰਮੇਸ਼ਵਰ ਤੇ ਸਾਰੇ ਸਹੁਰੇ ਟੱਬਰ ਦੇ ਜੀਆਂ ਬਾਰੇ ਹਾਲ ਬਿਆਨ ਕਰਕੇ ਕਿਵੇਂ ਸਵਾਲ ਦਰਸਾਉਂਦੀ ਹੁੰਦੀ ਸੀ'ਸੱਸ ਨਵਾਂ ਸੂਟ ਪਾਉਣ ਨੀਂ ਦਿੰਦੀ। ਹਾਰ ਸ਼ਿੰਗਾਰ ਵੀ ਲਾਉਣ ਨੀਂ ਦਿੰਦੀ। ਝਾਂਜਰ ਨੂੰ ਛਣਕਾਉਣ ਨ੍ਹੀਂ ਦਿੰਦੀ। ਪਹਦੀ ਰਹਿੰਦੀ



ਸਾਰਾ ਦਿਨ ਦੰਦ ਮੁੰਡਿਆ।

**ਵੇ ਨਿੱਤ ਲਾ ਲਾ ਲਾਲਾ, ਲਾਲਾ ਲਾਲਾ ਹੋਣੀਂ ਕਰ ਬੰਦ ਮੁੰਡਿਆ ਵੇ ਨਿੱਤ ਲਾਲਾ ਲਾਲਾ**

ਨਣਦ : ਨਣਦ ਭਰਜਾਈ ਦਾ ਵੀ ਆਪਸੀ ਗੂੜ੍ਹਾ ਪਿਆਰ ਹੁੰਦਾ ਹੈ। ਵੱਡੀ ਨਣਦ ਤਾਂ ਆਪਣੇ ਸਹੁਰੇ ਘਰ ਆਪਣੀ ਭਾਬੋ ਰਾਣੀ ਨੂੰ ਮਿਲਣ ਲਈ ਈਦ ਦੇ ਚੰਦ ਵਾਂਗੂੰ ਉਡੀਕਦੀ ਰਹਿੰਦੀ ਹੈ ਤੇ ਜੇਕਰ ਨਣਦ ਛੋਟੀ ਹੋਵੇ ਤਾਂ ਆਪਣੀ ਭਾਬੀ ਦੇ ਪਿਛੇ-ਪਿਛੇ ਫਿਰਦੀ ਕਦੇ ਤੋਤਲੀ ਜ਼ੁਬਾਨ ਨਾਲ ਗੱਲ ਕਰਦੀ ਹੈ।

ਜੇਕਰ ਕਿਧਰੇ ਇਨ੍ਹਾਂ ਦੇ ਵੀ ਆਪਸੀ ਖਟਾਸ ਪੈਦਾ ਹੋ ਜਾਵੇ ਤਾਂ ਫਿਰ ਨਣਦ ਵੀ ਕਿਸੇ ਗੱਲੋਂ ਘੱਟ ਨਹੀਂ ਰਹਿੰਦੀ ਕਦੇ ਉਹ ਆਪਣੀ ਭਾਬੀ 'ਤੇ ਹੁਕਮ ਚਲਾਉਂਦੀ ਹੋਈ ਗੁਆਂਢ ਵਿਚ ਜਾਣ ਤੋਂ ਜਾਂ ਬੋਲਣ ਕਰਨ ਤੋਂ ਰੋਕਦੀ ਹੈ ਅਤੇ ਫਿਰ ਉਹ ਮੁਟਿਆਰ ਆਪਣੇ ਪਤੀ ਨੂੰ ਕੁਝ ਇਸ ਤਰ੍ਹਾਂ ਬਿਆਨ ਕਰਦੀ ਹੈ-

**ਨਣਦ ਕੁਪੱਤੀ ਖੰਗਣ ਨਾ ਦੇਵੇ। ਬੂਹਿਓਂ ਦੇਹਲੀ ਲੰਘਣ ਨਾ ਦੇਵੇ। ਆਪਾਂ ਚੁੱਲ੍ਹਾ ਅੱਡ ਕਰ ਲੈਣਾ। ਕੱਢਦੇ ਵਿਹੜੇ ਦੇ ਵਿਚ ਕੰਧ ਮੁੰਡਿਆ।**

ਵੇ ਕਦੋਂ ਲਾਲਾ, ਲਾਲਾ, ਲਾਲਾ ਲਾਲਾ ਹੋਣੀਂ ਹੋਊ ਬੰਦ ਮੁੰਡਿਆ ਵੇ ਕਦੋਂ ਲਾ ਲਾ ਲਾ...!! ਦਰਾਣੀ-ਜਠਾਣੀ : ਦਰਾਣੀ ਜਠਾਣੀ ਦਾ ਆਪਸੀ ਪਿਆਰ ਭਾਵੇਂ ਅੱਜ ਭੈਣਾਂ ਭੈਣਾਂ ਵਾਲਾ ਹੁੰਦਾ ਹੈ ਪਰ ਦੇ ਸਮੇਂ ਵਿਚ ਆਪਣਾ ਖ਼ੂਨ ਵੀ ਬਦਲ ਜਾਂਦਾ ਹੈ ਕਿਸੇ ਨੂੰ ਕਿਸੇ ਦਾ ਮੋਹ ਨਹੀਂ ਰਿਹਾ।ਆਮ ਹੀ ਦੇਖਣ-ਸੁਣਨ ਵਿਚ ਆਉਂਦਾ ਹੈ ਕਿ ਦਰਾਣੀ-ਜਠਾਣੀ ਦਾ ਪਿਆਰ ਵੀ ਕਿਧਰੇ ਉੱਡ ਪੁੱਡ ਗਿਆ ਹੈ।ਕੋਈ ਵੱਡੀ ਛੋਟੀ ਦੇ ਮੁਹੱਬਤ,ਮਾਣ ਸਤਿਕਾਰ ਵਾਲੀ ਪਹਿਲਾਂ ਵਾਂਗ ਗੱਲ ਨਹੀਂ ਰਹੀ।ਆਪਸੀ ਸਹਿਣਸ਼ੀਲਤਾ ਘੱਟ ਗਈ ਹੈ। ਇੱਕ ਦੂਜੇ ਨੂੰ ਵੱਢ ਖਾਣ ਵਾਲਿਆਂ ਵਾਂਗੂੰ ਪੈਂਦੀਆਂ ਹਨ ਕਿਤੇ ਨਾ ਕਿਤੇ ਜਾ ਕੇ ਕਈ ਵਾਰ ਇਨ੍ਹਾਂ ਦਾ ਬਹੁਤ ਹੀ ਜ਼ਿਆਦਾ ਇੱਟ ਖੜਿੱਕਾ ਪੈ ਜਾਂਦਾ ਹੈ। ਤਦ ਇੱਕ ਪਾਸੇ ਨਵ-ਵਿਆਹੀ ਮੁਟਿਆਰ ਆਪਣੀ ਸ਼ਰੀਕਣੀ ਜੇਠਾਣੀ 'ਤੇ ਤੋੜਾ ਝਾੜਦੀ ਹੈ ਤੇ ਦੂਜੇ ਪਾਸੇ ਦਿਓਰ ਹੈ ਜੋ ਭਾਬੀਆਂ ਦੇ ਚਾਵਾਂ ਦਾ ਗਹਿਣਾ ਮੰਨਿਆ ਜਾਂਦਾ ਹੈ ਜਿੱਥੇ ਭਾਬੀਆਂ ਦਿਓਰ ਨੂੰ ਮਨੋਂ ਪਿਆਰ ਕਰਦੀਆਂ ਹਨ ਉੱਥੇ ਦਿਓਰ ਵੀ ਭਾਬੀ-ਭਾਬੀ ਕਰਦਾ ਉਸ ਦਾ ਕੋਈ ਕਹਿਣਾ ਨਹੀਂ ਮੋੜਦਾ ਤੇ ਦਿਓਰ ਭਰਜਾਈ ਦਾ ਰਿਸ਼ਤਾ ਅਨੋਖਾ ਰਿਸ਼ਤਾ ਹੈ ਜਿਵੇਂ ਸਾਡੇ ਪੁਰਾਣੇ ਸੱਭਿਆਚਾਰਕ ਗੀਤਾਂ ਅਨੁਸਾਰ- ਛੜੇ ਜੇਠ ਨੂੰ ਲੱਸੀ ਨਹੀਂ ਦੇਣੀ। ਦਿਓਰ ਭਾਵੇਂ ਮੱਝ ਚੁੰਘ ਜਾਏ। ਇਹ ਆਖ ਕੇ ਭਰਜਾਈ ਆਪਣੇ ਦਿਓਰ ਨੂੰ ਸਲਾਹੁੰਦੀ ਹੋਈ ਜਠਾਣੀ ਤੇ ਇੰਝ ਮਨ ਦੀ ਭੜਾਸ ਕੱਢਦੀ ਹੈ।

**ਜੇਠ ਜਠਾਣੀ ਲੜਦੇ ਰਹਿੰਦੇ। ਗੱਲ ਗੱਲ ਉੱਤੇ ਚੜ੍ਹਦੇ ਰਹਿੰਦੇ। ਦਿਓਰ ਹੀ ਹੈ ਜੋ ਹਾਮੀ ਭਰਦੈ। ਭਾਬੀ ਭਾਬੀ ਰਹਿੰਦੇ ਕਰਦੈ। ਲੱਗੇ ਮੈਨੂੰ ਪੁੰਨਿਆਂ ਦਾ ਚੰਨ ਵੇ ਕਦੋਂ ਲਾਲਾ, ਲਾਲਾ,ਕਦੋਂ ਲਾਲਾ, ਲਾ ਲਾ, ਹੋਣੀਂ ਹੋਊ ਬੰਦ ਵੇ ਕਦੋਂ ਲਾਲਾਲਾ!** ਸਹੁਰਾ : ਗੱਲ ਰਹੀ ਸਹੁਰੇ ਦੀ ਜੋ ਆਪਣੀ ਨੂੰਹ ਨੂੰ ਧੀ ਦੇ ਸਮਾਨ ਨਾ ਸਮਝਦੇ ਹੋਏ ਆਪਣੇ ਪੁੱਤਰ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦਾ ਹੈ ਤੇ ਬਾਕੀਆਂ ਦਾ ਪੱਖ ਪੂਰਦਾ ਹੈ ਬਾਰੇ ਮੁਟਿਆਰ ਆਪਣੇ ਮਾਹੀ ਤੋਂ ਸਵਾਲ ਦਾ ਜਵਾਬ ਮੰਗਦੀ ਹੈ-

**ਸਹੁਰਾ ਹਰ ਦਮ ਰਹੇ ਘੂਰਦਾ। ਸਾਰੇ ਟੱਬਰ ਦਾ ਪੱਖ ਪੂਰਦਾ। ਤੂੰ ਤਾਂ ਜਾਪੇ ਪੁੱਤ ਦੂਰ ਦਾ।** ਕਿਹੜੀਆਂ **ਗੱਲਾਂ ਤੋਂ ਲਹਿੰਦੀ ਡੰਡ ਗਿਆ। ਵੇ ਕਦੋਂ ਲਾ ਲਾ ਲਾ ਲਾ ਲਾ ਲਾ ਲਾ ਲਾ ਹੋਣੀਂ ਹੋਊ ਬੰਦ ਮੁੰਡਿਆ।** ਵੇ ਕਦੋਂ ਲਾਲਾ ਲਾਲਾ ਅਖ਼ੀਰ ਵਿਚ ਮੁਟਿਆਰ ਆਪਣੇ ਪਤੀ ਨੂੰ ਗੱਲੀਂ-ਬਾਤੀਂ ਕਹਿੰਦੀ ਹੈ ਕਿ ਮੇਰਿਆ ਚੰਨ ਮੱਖਣਾ ਤੂੰ ਮੈਨੂੰ ਰੱਜਵਾਂ ਪਿਆਰ ਪ੍ਰਦਾਨ ਕਰ, ਤੇਰੇ ਬਿਨਾਂ ਏਸ ਘਰ ਵਿਚ ਮੇਰੀ ਲੰਮੇਰੀ ਜ਼ਿੰਦਗੀ ਦਾ ਪੰਧ ਕੋਈ ਨਹੀਂ ਲੰਘਾ ਸਕਦਾ ਜਿਵੇਂ ਸਪੇਰੇ ਨੇ ਆਪਣੇ ਸੱਪ ਨੂੰ ਬਹੁਤ ਹੀ ਡੂੰਘਾਈ ਨਾਲ ਸਾਂਭ ਸੰਭਾਲ ਕੇ ਰੱਖਿਆ ਹੁੰਦਾ ਹੈ ਤੂੰ ਵੀ ਕਿਤੇ ਮੈਨੂੰ ਵੀ ਉਹਦੇ ਵਾਂਗੂੰ ਆਪਣੇ ਦਿਲ ਦੀ ਪਟਾਰੀ ਵਿਚ ਪਾ ਕੇ ਰੱਖ ਤੇਰੀ ਛਮਕ ਜਿਹੀ ਜੀਵਣ ਸਾਥਣ ਹਮੇਸ਼ਾ ਰੋਅਬ ਨਹੀਂ ਝੱਲ ਸਕਦੀ ਤੇ ਫਿਰ ਕੀ ਕਹਿੰਦੀ ਵੇ 'ਸਾਧੂ' ਮੇਰਾ ਆਖ਼ਰੀ ਕਹਿਣਾ। ਮੈਂ ਨਹੀਂ ਲੰਗੇਆਣੇਂ ਪਿੰਡ ਵਿਚ ਰਹਿਣਾ । ਰੋਅਬ ਥੱਲੇ ਤੇਰੇ ਗਲ ਦਾ ਗਹਿਣਾ। ਮੈਨੂੰ ਕਰ ਲੈ ਪਟਾਰੀ ਵਿਚ ਬੰਦ ਵੇ ਮੁੰਡਿਆ ਨਿੱਤ ਲਾ ਲਾ ਲਾ ਲਾ ਵੇ ਨਿੱਤ ਲਾ ਲਾ ਲਾ ਲਾ ਹੋਣੀਂ ਕਰ ਬੰਦ ਮੁੰਡਿਆ। ਵੇ ਕਦੋਂ ਲਾ ਲਾ ਲਾ ਲਾ!

**ਡਾ. ਸਾਧੂ ਰਾਮ ਲੰਗੇਆਣਾ**







# ਅਯੁੱਧਿਆ ’ਚ ਭਾਜਪਾ ਕਿਉਂ ਹਾਰੀ?



ਅਯੁੱਧਿਆ ’ਚ ਵਿਸ਼ਾਲ ਮੰਦਰ ਦਾ ਨਿਰਮਾਣ ਹੋਇਆ। ਇਹ ਸਾਡੇ ਸਾਰੇ ਸਨਾਤਨੀਆਂ ਲਈ ਮਾਣ ਵਾਲੀ ਗੱਲ ਹੈ। ਅਯੁੱਧਿਆ ’ਚ ਹੋਏ ਵਿਕਾਸ ਲਈ ਭਾਜਪਾ ਸਰਕਾਰ ਨੂੰ ਜਿੰਨਾ ਵੀ ਸਿਹਰਾ ਦਿੱਤਾ ਜਾਵੇ, ਉਹ ਘੱਟ ਹੈ। ਅਯੁੱਧਿਆ ’ਚ ਹੋਏ ਇਸ ਰੈਨੋਵੇਸ਼ਨ ਕਾਰਨ ਅੱਜ ਵਿਸ਼ਵ ਭਰ ਦੇ ਹਿੰਦੂਆਂ ਦਾ ਸਿਰ ਮਾਣ ਨਾਲ ਉੱਚਾ ਉੱਠਿਆ ਹੈ।ਪ੍ਰਧਾਨ ਮੰਤਰੀ ਮੋਦੀ ਨੇ ਬੀਤੇ 10 ਸਾਲਾਂ ਦੇ ਆਪਣੇ ਕਾਰਜਕਾਲ ’ਚ ਹਿੰਦੂ ਸੱਭਿਆਚਾਰ ਦੀ ਰਾਖੀ ਲਈ ਕਈ ਠੋਸ ਕਦਮ ਚੁੱਕੇ ਹਨ।

ਅਯੁੱਧਿਆ ਦਾ ਵਿਕਾਸ ਵੀ ਉਸੇ ਲੜੀ ਦਾ ਹਿੱਸਾ ਹੈ। ਅੱਜ ਜੋ ਵੀ ਅਯੁੱਧਿਆ ’ਚ ਦਰਸ਼ਨ ਕਰ ਕੇ ਆਉਂਦਾ ਹੈ ਉਹ ਸ਼੍ਰੀ ਰਾਮ ਦੇ ਵਿਸ਼ਾਲ ਮੰਦਰ ਤੇ ਉਸ ਦੇ ਆਸ- ਪਾਸ ਹੋਏ ਵਿਕਾਸ ਨੂੰ ਦੇਖ ਕੇ ਮਾਣ ਕਰਦਾ ਹੈ। ਇੰਨਾ ਸਭ ਹੋਣ ਦੇ ਬਾਵਜੂਦ 2024 ਦੀਆਂ ਚੋਣਾਂ ’ਚ ਅਯੁੱਧਿਆ ‘ਚ ਭਾਜਪਾ ਨੂੰ ਮਿਲੀ ਹਾਰ ਤੋਂ ਪੂਰੀ ਦੁਨੀਆ ਦੇ ਹਿੰਦੂ ਅਚੰਭੇ ’ਚ ਹਨ।

ਉਂਝ ਤਾਂ ਅਯੁੱਧਿਆ ’ਚ ਹੋਏ ਵਿਕਾਸ ਨੂੰ ਲੈ ਕੇ ਹਰ ਕਿਸੇ ਕੋਲ ਸਿਵਾਏ ਸ਼ਲਾਘਾ ਦੇ ਕੁਝ ਨਹੀਂ ਹੈ ਪਰ ਚੋਣ ਨਤੀਜਿਆਂ ਦੇ ਬਾਅਦ ਤੋਂ ਸੋਸ਼ਲ ਮੀਡੀਆ ’ਚ ਭਾਜਪਾ ਨੂੰ ਮਿਲੀ ਹਾਰ ਦੇ ਕਈ ਕਾਰਨ ਸਾਹਮਣੇ ਆਏ ਹਨ। ਇਨ੍ਹਾਂ ਹੀ ’ਚੋਂ ਇਕ ਅਯੁੱਧਿਆ ਨਿਵਾਸੀ ਸੰਤ ਸਿਆਪਿਆਰੇਸ਼ਰਨ ਦਾਸ ਦਾ ਇਕ ਸੰਦੇਸ਼ ਕਾਫੀ ਚਰਚਾ ’ਚ ਹੈ। ਇਨ੍ਹਾਂ ਨੇ ਅਯੁੱਧਿਆ ’ਚ ਭਾਜਪਾ ਦੀ ਹਾਰ ਦੇ ਅਸਲੀ ਕਾਰਨ ਦੱਸੇ।

ਉਹ ਲਿਖਦੇ ਹਨ, “ ਭਗਤ ਅਤੇ ਭਗਵਾਨ ਦਾ ਯੁੱਗਾਂ-ਯੁੱਗਾਂ ਤੋਂ ਅਨੰਨਯ ਭਾਵਨਪੂਰਨ ਪ੍ਰੇਮ, ਸਨੇਹ, ਪਿਆਰ ਭਾਵ ਰਸ ਨਾਲ ਭਿੱਜਿਆ ਨਾਤਾ ਰਿਹਾ ਹੈ। ਭਗਵਾਨ ਆਪਣੇ ਉਪਰ ਸਾਰੇ ਦੋਸ਼, ਲਾਂਛਣ ਤਾਂ ਕੀ ਲੱਤ ਤੱਕ ਸਹਿ ਲੈਂਦੇ ਹਨ ਪਰ ਉਹ ਆਪਣੇ ਭਗਤ ਦੀ ਪ੍ਰੇਸ਼ਾਨੀ, ਦੁੱਖ-ਤਕਲੀਫ ਨਹੀਂ ਸਹਿਣ ਕਰਦੇ। ਉਦਾਹਰਣ ਵਜੋਂ ਜਦੋਂ ਰਾਵਣ ਨੇ ਜੰਗ ’ਚ ਵਿਭੀਸ਼ਣ ਨੂੰ ਦੇਖਿਆ ਤਾਂ ਉਸ ’ਤੇ ਬਾਣ ਚਲਾਇਆ। ਜਿਸ ਨੂੰ ਭਗਵਾਨ ਸ਼੍ਰੀ ਰਾਮ ਨੇ ਆਪਣੀ ਛਾਤੀ ’ਤੇ ਸਹਿ ਕੇ ਆਪਣੇ ਭਗਤ ਵਿਭਾਸ਼ਣ ਦੀ ਰੱਖਿਆ ਕੀਤੀ। ਇਸੇ ਤਰ੍ਹਾਂ ਧਿਆਨ ’ਚ ਲੱਗੇ ਸ਼੍ਰੀ ਵਿਸ਼ਨੂੰ ਜੀ ਨਾਲ ਕਿਸੇ ਗੱਲ ’ਤੇ ਗੁੱਸੇ ਹੋ ਕੇ ਭ੍ਰਿਗੂ ਰਿਸ਼ੀ ਨੇ ਉਨ੍ਹਾਂ ਦੀ ਛਾਤੀ ’ਚ ਲੱਤ ਮਾਰੀ ਤਾਂ ਉਨ੍ਹਾਂ ਨੇ ਖੁਦ ਇਸ ਲਈ ਮੁਆਫੀ ਮੰਗੀ। ਇਸ ਪ੍ਰਸੰਗ ‘ਤੇ ਪ੍ਰਸਿੱਧ ਚੌਪਾਈ ਹੈ-

**ਸਮਾ ਬੜਨ ਕੋ ਚਾਹੀਏ ਛੋਟਨ ਕੋ ਉਤਪਾਤ। ਵਿਸ਼ਨੂੰ ਕਾ ਕਯਾ ਘਟ ਗਯਾ ਜਬ ਭੰਗੁ ਨੇ ਮਾਰ ਲਾਤ॥”**

ਭਗਤ ਅਤੇ ਭਗਵਾਨ ਦੇ ਅਨੰਨਯ ਨਾਤੇ ਨਾਲ ਸਬੰਧਤ ਕਈ ਉਦਾਹਰਣਾਂ ਹਨ। ਅਸੀਂ ਸਿਰਫ ਉਪਰੋਕਤ 2 ਉਦਾਹਰਣਾਂ ਦੇ ਸਬੰਧ ’ਚ ਹੀ ਭਾਜਪਾ ਦੀ ਅਯੁੱਧਿਆ ’ਚ ਹੋਈ ਭਾਰੀ ਹਾਰ ਦਾ ਵਿਸ਼ਲੇਸ਼ਣ ਕਰਦੇ ਹਾਂ।

**ਪਹਿਲਾ ਕਾਰਨ** : ਪ੍ਰਭੂ ਸ਼੍ਰੀ ਰਾਮ ਜਨਮਭੂਮੀ ਮੰਦਰ ਟਰੱਸਟ ਵੱਲੋਂ ਮੰਦਰ ਬਣਨ ਦੇ ਸ਼ੁਰੂ ‘ਚ ਕਿਹਾ ਗਿਆ ਕਿ ਮੰਦਰ ਲਗਭਗ 1000 ਕਰੋੜ ਰੁਪਏ ਨਾਲ ਬਣੇਗਾ, ਫਿਰ ਇਕ ਸਾਲ ਬਾਅਦ ਕਿਹਾ ਕਿ ਮੰਦਰ 1400 ਕਰੋੜ ’ਚ ਬਣੇਗਾ, ਫਿਰ ਇਕ ਸਾਲ ਬਾਅਦ ਤੀਜੀ ਵਾਰ ਕਿਹਾ ਕਿ ਮੰਦਰ 1800 ਕਰੋੜ ’ਚ ਮੁਕੰਮਲ ਹੋਵੇਗਾ, ਜਨਤਾ ਨੇ ਮੰਨ ਵੀ ਲਿਆ।

ਸੋਚੋ, ਸ਼੍ਰੀ ਰਾਮ ਜਨਮਭੂਮੀ ਮੰਦਰ ਟਰੱਸਟ ਦੇ ਮੈਂਬਰ ਇੰਨੇ ਹਿਸਾਬ ਦੇ ਕੱਚੇ ਹਨ ਕਿ 3-3 ਵਾਰ ਮੰਦਰ ਦੀ ਕੁੱਲ ਲਾਗਤ ਵਧਾ-ਵਧਾ ਕੇ ਦੱਸਣਗੇ, ਜਦਕਿ ਇਸ ਤਰ੍ਹਾਂ ਦੇ ਸਾਰੇ ਮੁਲਾਂਕਣ ਪਹਿਲੀ ਵਾਰ ’ਚ ਸਹੀ ਹੋਣੇ ਚਾਹੀਦੇ ਸਨ।

**ਦੂਜਾ ਕਾਰਨ**: ਭਗਵਾਨ ਪ੍ਰਤੀ ਵਿਲੱਖਣ ਭਗਤੀ ਭਾਵਨਾ ਨਾਲ ਰੰਗੇ ਹਜ਼ਾਰਾਂ ਭਗਤ ਕਿੰਨੇ ਕਿਲੋਮੀਟਰ ਚੱਲ ਕੇ ਆਉਂਦੇ ਹਨ ਪਰ ਮੰਦਰ ਟਰੱਸਟ ਜਾਂ ਅਯੁੱਧਿਆ ਪ੍ਰਸ਼ਾਸਨ ਵੱਲੋਂ ਸਹੂਲਤਾਂ ਦੀ ਘਾਟ ’ਚ ਉਹ ਇਧਰ-ਓਧਰ ਭਟਕਦੇ ਹਨ। ਸ਼ੁੱਧ ਪੀਣ ਵਾਲੇ ਪਾਣੀ ਦੇ ਕੁਝ ਫਰਿੱਜ ਹੁਣ ਗਰਮੀ ਵਧਣ ’ਤੇ ਲਾਏ ਹਨ ਪਰ ਚੰਦੇ ਦੇ 10,000 ਕਰੋੜ ਦੇ ਵਿਆਜ ਰੂਪੀ 1800 ਕਰੋੜ ਰੁਪਏ ‘ਚ ਬਣ ਰਹੇ ਮੰਦਰ ਦੇ ਬਾਕੀ ਪੈਸੇ ਦੀ ਐੱਫ. ਡੀ. ਕਰਾਈ ਜਾ ਰਹੀ ਹੈ। ਪਰ ਰਾਮ ਦਾ ਪੈਸਾ ਰਾਮ ਦੇ ਭਗਤਾਂ ’ਤੇ ਖਰਚ ਨਹੀਂ ਹੋ ਰਿਹਾ।

**ਤੀਜਾ ਕਾਰਨ** : ਮਾਣਯੋਗ ਯੋਗੀ ਜੀ ਦੇ ਮੁੱਖ ਮੰਤਰੀ ਕਾਲ ਦੇ ਪਿਛਲੇ 7 ਸਾਲਾਂ ਤੋਂ ਅਯੁੱਧਿਆ ਜੀ ਦੀਆਂ ਗਲੀਆਂ ਕਈ ਵਾਰ ਭੰਨੀਆਂ-ਤੋੜੀਆਂ ਗਈਆਂ ਹਨਜਿਸ ਕਾਰਨ ਗਲੀਆਂ ’ਚ ਜਾਮ ਅਤੇ ਲਾਲ ਬੱਤੀ ਲੱਗੇ ਸਾਈਰਨ ਵਜਾਉਂਦੀਆਂ ਵੀ. ਆਈ. ਪੀ. ਗੱਡੀਆਂ ਕਾਰਨ ਮੁੱਖ ਮਾਰਗ ਦਾ ਰੂਟ ਬਦਲਦਾ ਰਹਿੰਦਾ ਹੈ।

ਇਸੇ ਕਾਰਨ ਚਾਰ-ਚੁਫੇਰੇ ਹਫੜਾ-ਦਫੜੀ ਦੇ ਮਾਹੌਲ ਨੇ ਅਯੁੱਧਿਆ ਦੀ ਸ਼ਾਂਤੀ ਭੰਗ ਕਰ ਦਿੱਤੀ ਹੈ।

**ਚੌਥਾ ਕਾਰਨ** : ਅਯੁੱਧਿਆ ਜੀ ਦੇ ਨਵੇਂ ਘਾਟ ਤੋਂ ਫੈਜ਼ਾਬਾਦ ਦੇ ਸਹਾਦਤ ਗੰਜ ਤੱਕ 14 ਕਿਲੋਮੀਟਰ ਲੰਬੇ ਬਾਜ਼ਾਰ ਦੇ ਛੋਟੇ-ਛੋਟੇ ਦੁਕਾਨਦਾਰ ਅਯੁੱਧਿਆ ਦੇ ਖੇਤਰੀ ਵਾਸੀ ਇਸੇ ਲੋਕ ਸਭਾ ਹਲਕੇ ਦੇ ਹਨ। ਇਨ੍ਹਾਂ ਦੀਆਂ ਵਧੇਰੇ ਦੁਕਾਨਾਂ 70-80 ਸਾਲ ਤੋਂ ਪਗੜੀ (ਵਿਰਾਸਤ ਰਾਸ਼ੀ) ਕਾਰਨ ਘੱਟ ਕਿਰਾਏ ‘ਤੇ ਹਨ। ਇਸ ਮਾਰਗ ਦੇ ਚੌੜਾਕਰਨ ’ਚ ਉਨ੍ਹਾਂ ਦੇ ਹਿੱਤਾਂ ਦੀ ਬਜਾਏ ਮਕਾਨ ਮਾਲਕਾਂ ਦੇ ਹਿੱਤਾਂ ਦਾ ਖਿਆਲ ਰੱਖਿਆ ਗਿਆ।

ਦੁਕਾਨਦਾਰਾਂ ਦੇ ਮੁੜ-ਵਸੇਬੇ ’ਚ ਬੜੀਆਂ ਬੇਨਿਯਮੀਆਂ ਵਰਤੀਆਂ ਜਿਸ ਕਾਰਨ ਉਨ੍ਹਾਂ ਦੇ ਅੰਦੋਲਨ ਤੇ ਰੋਸ-ਵਿਖਾਵੇ ਵਾਰ-ਵਾਰ ਦਬਾ ਦਿੱਤੇ ਗਏ। ਇਸ ਨਾਲ ਅਯੁੱਧਿਆ ਜੀ ਦੇ ਦਿਹਾਤ ’ਚ ਗਲਤ ਸੰਦੇਸ਼ ਗਿਆ। ਸੰਵਿਧਾਨ ਬਦਲਣ ਦੇ ਬਿਆਨ ਨੇ ਇੱਥੋਂ ਦੇ 35 ਫੀਸਦੀ ਦੇ ਬਰਾਬਰ ਦਲਿਤ ਵੋਟਾਂ ਦਾ ਸਪਾ ਵੱਲ ਧਰੁਵੀਕਰਨ ਕੀਤਾ। ਅਸਲੀ ਸਮੱਸਿਆ ਤਾਂ ਅਯੁੱਧਿਆ ਜੀ ਦੀਆਂ ਗਲੀਆਂ ਦੇ ਜਾਮਰੂਪੀ ਸ਼ਾਮ ਨੇ ਇੱਥੋਂ ਦੇ ਮੂਲ ਵਾਸੀਆਂ ਨੂੰ ਬੇਹਾਲ ਕੀਤਾ। ਸਿਰਫ ਪ੍ਰਚਾਰ ਨਾਲ ਕਦੀ ਕਿਸੇ ਦੀ ਸਰਕਾਰ ਨਹੀਂ ਬਣੀ।

ਵਿਨੀਤ ਨਰਾਇਣ

Learn the signs of stroke

F ace is it drooping?
A rms can you raise both?
S peech is it slurred or jumbled?
T ime to call 9-1-1 right away.

Act FAST. Lifesaving treatment begins the second you call 9-1-1.

heartandstroke.ca/punjabi

Heart &Stroke™
BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

F ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
A rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
S peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
T ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™
BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

# ਖੇਤੀ ਕਰਜ਼ਾ : ਵਰਦਾਨ ਜਾਂ ਸਰਾਪ?



ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਇਸ ਦੀ 65 ਤੋਂ 70 % ਵਸੋਂ ਖੇਤੀ ਉੱਪਰ ਨਿਰਭਰ ਕਰਦੀ ਹੈ। ਕੁੱਲ ਕਾਮਿਆਂ ਦੇ 45.76% ਨੂੰ ਖੇਤੀ ਖੇਤਰ ਵਿਚ ਰੁਜ਼ਗਾਰ ਮਿਲਿਆ ਹੋਇਆ ਹੈ। ਛੁਪੀ ਹੋਈ ਬੇਰੁਜ਼ਗਾਰੀ ਇਸ ਤੋਂ ਇਲਾਵਾ ਹੈ। ਭਾਰਤ ਦੀ ਕੁੱਲ ਜੀਡੀਪੀ ਦਾ 15% ਖੇਤੀ ਖੇਤਰ ਤੋਂ ਆਉਂਦਾ ਹੈ। ਉੱਨਤ ਖੇਤੀ ਜ਼ਰੀਏ ਦੇਸ਼ ਦੇ ਗੁਦਾਮ ਅੰਨ ਨਾਲ ਨੱਕੋ-ਨੱਕ ਭਰੇ ਪਏ ਹਨ ਤੇ ਦੇਸ਼ ਅਨਾਜ ਦੇ ਮਾਮਲੇ ਵਿਚ ਆਤਮ ਨਿਰਭਰ ਹੈ। ਹਕੀਕਤ ਇਹ ਵੀ ਹੈ ਕਿ ਖੇਤੀ ਦੀ ਉੱਨਤੀ ਉਸ ਲਈ ਉਪਲਬਧ ਕਰਜ਼ੇ ’ਤੇ ਨਿਰਭਰ ਕਰਦੀ ਹੈ।

ਇਕ ਰਿਪੋਰਟ ਅਨੁਸਾਰ ਜਨਵਰੀ 2024 ਤੱਕ ਸਾਰੇ ਦੇਸ਼ ਦਾ ਕਿਸਾਨੀ ਕਰਜ਼ਾ 20.39 ਲੱਖ ਕਰੋੜ ਸੀ। ਬੈਂਕਾਂ ਦੇ ਦੋ ਪ੍ਰਮੁੱਖ ਕੰਮ ਹੁੰਦੇ ਹਨ, ਲੋਕਾਂ ਕੋਲੋਂ ਬੈਂਕਾਂ ਵਿਚ ਪੈਸਾ ਜਮ੍ਹਾ ਰਖਵਾਉਣਾ ਤੇ ਅੱਗਿਓਂ, ਇਸ ਤਰ੍ਹਾਂ ਬੈਂਕਾਂ ਵਿਚ ਜਮ੍ਹਾ ਹੋਇਆ ਪੈਸਾ ਲੋੜਵੰਦਾਂ ਨੂੰ ਕਰਜ਼ੇ ਦੇ ਰੂਪ ਵਿਚ ਦੇਣਾ। ਇਸ ਪ੍ਰਕਿਰਿਆ ਵਿਚ ਤਿੰਨੋਂ ਯਾਨੀ ਜਮ੍ਹਾ ਕਰਤਾ, ਕਰਜ਼ਦਾਰ ਅਤੇ ਬੈਂਕ ਆਪੋ-ਆਪਣੇ ਤਰੀਕੇ ਨਾਲ ਕਮਾਈ ਕਰਦੇ ਹਨ। ਜਮ੍ਹਾ ਕਰਤਾ ਨੂੰ ਵਿਆਜ ਦੇ ਰੂਪ ਵਿਚ, ਕਰਜ਼ਦਾਰ ਆਪਣਾ ਕਾਰੋਬਾਰ ਵਧਾ ਕੇ ਤੇ ਬੈਂਕ ਵਿਆਜ ਵਿਚਲੇ ਖੱਪੇ ਜ਼ਰੀਏ ਕਮਾਈ ਕਰਦੇ ਹਨ।

ਜਦੋਂ ਤੋਂ ਬੈਂਕਾਂ ਦਾ ਕੌਮੀਕਰਨ ਹੋਇਆ ਹੈ ਉਦੋਂ ਤੋਂ ਕਿਸਾਨੀ, ਦਰਮਿਆਨਾ ਤਬਕਾ, ਗ਼ਰੀਬ ਲੋਕਾਂ, ਛੋਟੀਆਂ ਸਨਅਤਾਂ ਅਤੇ ਛੋਟੇ ਵਪਾਰੀਆਂ ਨੂੰ ਬੈਂਕਾਂ ਤੋਂ ਕਰਜ਼ਾ ਸੌਖਾ ਤੇ ਆਸਾਨ ਕਿਸ਼ਤਾਂ ’ਤੇ ਮਿਲਣ ਲੱਗ ਪਿਆ ਹੈ। ਗੱਲ ਕਰਦੇ ਹਾਂ ਬੈਂਕਾਂ ਤੋਂ ਮਿਲਣ ਵਾਲੇ ਕਿਸਾਨੀ ਕਰਜ਼ੇ ਦੀ। ਦੇਸ਼ ਵਿਚ ਹਰੀ ਕ੍ਰਾਂਤੀ ਤੋਂ ਪਹਿਲਾਂ ਕਿਸਾਨਾਂ ਨੂੰ ਖੇਤੀਬਾੜੀ ਲਈ ਕਰਜ਼ੇ ਦੀ ਜ਼ਿਆਦਾ ਲੋੜ ਨਹੀਂ ਪੈਂਦੀ ਸੀ। ਘਰੇਲੂ ਜ਼ਰੂਰਤਾਂ ਲਈ ਲੋੜੀਂਦਾ ਥੋੜ੍ਹਾ-ਬਹੁਤਾ ਕਰਜ਼ਾ ਸ਼ਾਹੂਕਾਰਾਂ ਕੋਲੋਂ ਹੀ ਮਿਲ ਜਾਂਦਾ ਸੀ। ਹਰੀ ਕ੍ਰਾਂਤੀ ਵੇਲੇ ਖੇਤੀਬਾੜੀ ਲਈ ਆਧੁਨਿਕ ਮਸ਼ੀਨਰੀ, ਪਾਣੀ ਦੇ ਸਾਧਨ, ਹਾਈਬ੍ਰਿਡ ਬੀਜਾਂ, ਖਾਦਾਂ ਅਤੇ ਦਵਾਈਆਂ ਦੀ ਖ਼ਰੀਦ ਲਈ ਕਿਸਾਨਾਂ ਨੂੰ ਕਰਜ਼ੇ ਦੀ ਲੋੜ ਮਹਿਸੂਸ ਹੋਈ। ਬੈਂਕਾਂ ਦਾ ਕੌਮੀਕਰਨ ਕਰ ਕੇ ਸਰਕਾਰ ਨੇ ਕਿਸਾਨਾਂ ਦੀ ਇਸ ਸਮੱਸਿਆ ਦਾ ਹੱਲ ਕੀਤਾ। ਹੁਣ ਬੈਂਕ ਕਿਸਾਨਾਂ ਨੂੰ ਵੱਖ-ਵੱਖ ਖੇਤੀ ਲੋੜਾਂ ਦੀ ਪੂਰਤੀ ਲਈ ਕਰਜ਼ੇ ਦਿੰਦੇ ਹਨ। ਉਹ ਖੇਤੀਬਾੜੀ ਮਸ਼ੀਨਰੀ (ਸਮੇਤ ਸੈਕਿੰਡ ਹੈਂਡ) ਦੀ ਖ਼ਰੀਦ, ਖੇਤੀਬਾੜੀ ਦੇ ਸੰਦਾਂ ਦੀ ਮੁਰੰਮਤ, ਤੇਲ-ਖਾਦ, ਬੀਜਾਂ ਤੇ ਦਵਾਈਆਂ ਦੀ ਖ਼ਰੀਦ, ਜਿਨਸ ਦੀ ਢੋਆ-ਢੁਆਈ ਵਾਸਤੇ ਵਹੀਕਲ ਖ਼ਰੀਦਣ ਲਈ ਕਰਜ਼ੇ ਦਿੰਦੇ ਹਨ। ਇਹੀ ਨਹੀਂ ਖੇਤੀਬਾੜੀ ਦੇ ਸਹਾਇਕ ਧੰਦਿਆਂ ਜਿਵੇਂ ਡੇਅਰੀ ਫਾਰਮ, ਪੋਲਟਰੀ, ਸੂਰ ਪਾਲਣ ਦੇ ਧੰਦੇ, ਭੇਡਾਂ-ਬੱਕਰੀਆਂ ਪਾਲਣ, ਮੱਛੀ ਫਾਰਮ ਲਈ ਵੀ ਕਰਜ਼ੇ ਮਿਲਦੇ ਹਨ।

ਸਬਜ਼ੀਆਂ ਤੇ ਬਾਗ਼ਬਾਨੀ, ਫਾਰੈਸਟਰੀ, ਖਾਦ-ਦਵਾਈਆਂ ਆਦਿ ਦੀਆਂ ਦੁਕਾਨਾਂ ਲਈ, ਰਹਿਨ ਕੀਤੀ ਜ਼ਮੀਨ ਛੁਡਵਾਉਣ, ਟਿਊਬਵੈੱਲ, ਖੇਤੀਬਾੜੀ ਵਾਲੀ ਜ਼ਮੀਨ ਖ਼ਰੀਦਣ ਲਈ ਵੀ ਬੈਂਕਾਂ ਵੱਲੋਂ ਕਰਜ਼ੇ ਮੁਹੱਈਆ ਕਰਵਾਏ ਜਾਂਦੇ ਹਨ। ਖੇਤੀਬਾੜੀ ਮਸ਼ੀਨਰੀ ਬਣਾਉਣ ਵਾਲੇ ਕਾਰਖਾਨਿਆਂ, ਐਗਰੋ ਬੇਸਡ ਇੰਡਸਟਰੀ ਨੂੰ ਉਤਸ਼ਾਹਤ ਕਰਨ, ਅੰਨ ਭੰਡਾਰਨ, ਖੇਤੀਬਾੜੀ ਦੀ ਪੜ੍ਹਾਈ ਕਰੇ ਨੌਜਵਾਨਾਂ ਨੂੰ ਖੇਤੀਬਾੜੀ ਕਲੀਨਿਕ ਸਥਾਪਤ ਕਰਨ, ਬਾਜ਼ਾਰ ’ਚੋਂ ਕਿਸੇ ਵੀ ਅਧਿਕਾਰਤ ਸਰੋਤ ਤੋਂ ਲਏ ਕਰਜ਼ੇ ਦੀ ਵਾਪਸੀ ਲਈ, ਇੱਥੋਂ ਤੱਕ ਕਿ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਆੜ੍ਹਤੀਆਂ ਨੂੰ ਵੀ ਕਰਜ਼ਾ ਦੇਣ ਦੀ ਵਿਵਸਥਾ ਹੈ।

ਉਪਰੋਕਤ ਸਾਰੇ ਕਰਜ਼ਿਆਂ ਨੂੰ ਦੋ ਭਾਗਾਂ ਵਿਚ ਵੰਡ ਸਕਦੇ ਹਾਂ- ਨਕਦ ਉਧਾਰ (ਹੱਦ ਕਰਜ਼ਾ) ਅਤੇ ਮਿਆਦੀ ਕਰਜ਼ੇ। ਖਾਦ, ਤੇਲ, ਦਵਾਈਆਂ, ਬੀਜ, ਖੇਤ ਦੀ ਵਹਾਈ, ਬਿਜਾਈ, ਸਾਂਭ-ਸੰਭਾਲ, ਕਟਾਈ, ਢੋਆ-ਢੁਆਈ ਯਾਨੀ ਫ਼ਸਲ ਬੀਜਣ ਤੋਂ ਲੈ ਕੇ ਉਸ ਦੇ ਮੰਡੀਕਰਨ ਤੱਕ ਦੇ ਰੋਜ਼ਾਨਾ ਦੇ ਖ਼ਰਚੇ ਨਕਦ ਉਧਾਰ ਦੇ ਰੂਪ ਵਿਚ ਉਪਲਬਧ ਕਰਵਾਏ ਜਾਂਦੇ ਹਨ। ਅਜਿਹੇ ਫ਼ਸਲੀ ਕਰਜ਼ਿਆਂ ਨੂੰ ਬੈਂਕਿੰਗ ਭਾਸ਼ਾ ਵਿਚ ਕਿਸਾਨ ਕ੍ਰੈਡਿਟ ਕਾਰਡ ਯਾਨੀ ਕੇਸੀਸੀ ਕਿਹਾ ਜਾਂਦਾ ਹੈ। ਇਹ ਕਰਜ਼ੇ ਫ਼ਸਲ ਦੀ ਵੇਚ ਵੱਟਤ ਤੋਂ ਬਾਅਦ ਇਕ ਵਾਰੀ ਸਮੇਤ ਵਿਆਜ ਜਮ੍ਹਾ ਕਰਵਾਉਣੇ ਲਾਜ਼ਮੀ ਹੁੰਦੇ ਹਨ। ਕਿਸਾਨਾਂ ਵਿਚ ਇਹ ਇਕ ਆਮ ਧਾਰਨਾ ਹੈ ਕਿ ਹਰ ਛਿਮਾਹੀ ਕੇਸੀਸੀ ਜਮ੍ਹਾ ਕਰਵਾ ਕੇ ਕਰਜ਼ਾ ਲੈ ਲੈਣਾ ਹੁੰਦਾ ਹੈ ਜਦਕਿ ਅਜਿਹਾ ਨਹੀਂ ਹੈ। ਇਸ ਦੀ ਖ਼ੂਬਸੂਰਤੀ ਹੀ ਇਹ ਹੈ ਕਿ ਫ਼ਸਲੀ ਕਰਜ਼ੇ ਨੂੰ ਕਿਸਾਨ ਜਦੋਂ ਚਾਹੇ, ਜਿੰਨਾ ਚਾਹੇ ਲੈ ਸਕਦਾ ਹੈ ਤੇ ਹੱਥ ਵਿਚ ਪੈਸੇ ਆ ਜਾਣ ’ਤੇ ਰਕਮ ਜਮ੍ਹਾ ਕਰਵਾ ਸਕਦਾ ਹੈ (ਜ਼ਰੂਰੀ ਨਹੀਂ ਸਾਰੀ ਰਕਮ ਹੀ ਮੋੜੇ)। ਅੱਜ ਜਮ੍ਹਾ ਕਰਵਾਈ ਰਕਮ ਕੱਲ੍ਹ-ਕਲੋਤਰ ਨੂੰ ਲੋੜ ਅਨੁਸਾਰ ਕਢਵਾਈ ਵੀ ਜਾ ਸਕਦੀ ਹੈ। ਇਕ ਇਕਾਈ ਨੂੰ ਤਿੰਨ ਲੱਖ ਦੇ ਹੱਦ ਕਰਜ਼ੇ ਤੱਕ ਦੇ ਕੇਸੀਸੀ ’ਤੇ ਸਿਰਫ਼ ਚਾਰ ਪ੍ਰਤੀਸ਼ਤ ਵਿਆਜ ਦੇਣਾ ਪੈਂਦਾ ਹੈ।

ਤਿੰਨ ਲੱਖ ਦੀ ਰਕਮ ਤੋਂ ਵੱਧ ਦੇ ਕਰਜ਼ੇ ’ਤੇ ਵੀ ਰਕਮ ਨੂੰ ਦੋ ਭਾਗਾਂ ਵਿਚ ਵੰਡ ਕੇ ਵਿਆਜ ਦੀ ਗਣਨਾ ਕੀਤੀ ਜਾਂਦੀ ਹੈ। ਤਿੰਨ ਲੱਖ ਤੱਕ ਚਾਰ ਪ੍ਰਤੀਸ਼ਤ ਤੇ ਤਿੰਨ ਲੱਖ ਤੋਂ ਉੱਪਰ ਦੀ ਰਕਮ ਨੂੰ ਆਮ ਵਿਆਜ ਤਹਿਤ ਕਵਰ ਕੀਤਾ ਜਾਂਦਾ ਹੈ। ਘੱਟ ਵਿਆਜ ਦਾ ਹੱਕਦਾਰ ਬਣਨ ਲਈ ਖਾਤਾ ਰੈਗੂਲਰ ਹੋਣਾ ਜ਼ਰੂਰੀ ਹੈ। ਕੇਸੀਸੀ ਨੂੰ ਵਰਤਣ ਲਈ ਕੋਈ ਬਿੱਲ-ਰਸੀਦ ਆਦਿ ਦੇਣ ਦੀ ਲੋੜ ਨਹੀਂ, ਸਾਰਾ ਲੈਣ-ਦੇਣ ਨਕਦੋ-ਨਕਦੀ। ਖੇਤੀਬਾੜੀ ਦੀ ਸਹਾਇਤਾ ਲਈ ਕੀਤੀ ਗਈ ਦੁਕਾਨਦਾਰੀ ਨੂੰ ਵੀ ਕਰਜ਼ਾ ਨਕਦ ਉਧਾਰ ਦੇ ਰੂਪ ’ਚ ਹੀ ਮਿਲਦਾ ਹੈ। ਉਸ ਦੀਆਂ ਸ਼ਰਤਾਂ ਕੇਸੀਸੀ ਤੋਂ ਬਿਲਕੁਲ ਹਟ ਕੇ ਹੁੰਦੀਆਂ ਹਨ।

ਕਿਸੇ ਵੀ ਸੰਦ, ਮਸ਼ੀਨ, ਵਹੀਕਲ, ਪਸ਼ੂ ਜਾਂ ਹੋਰ ਵਸਤੂ ਦੀ ਖ਼ਰੀਦ ਲਈ ਕਰਜ਼ਾ ਮਿਆਦੀ ਕਰਜ਼ੇ ਵਜੋਂ ਉਪਲਬਧ ਹੁੰਦਾ ਹੈ। ਲੰਬੇ ਸਮੇਂ ਦੇ ਮਿਆਦੀ ਕਰਜ਼ਿਆਂ ਦੀ ਵਾਪਸੀ ਦੀ ਮਿਆਦ 10 ਸਾਲ ਤੱਕ ਵੀ ਹੋ ਸਕਦੀ ਹੈ। ਪਹਿਲੀ ਕਿਸ਼ਤ ਦੀ ਵਾਪਸੀ ਆਮ ਤੌਰ ’ਤੇ ਇਕ ਸਾਲ ਬਾਅਦ ਹੁੰਦੀ ਹੈ ਜਦਕਿ ਬਾਕੀ ਕਿਸ਼ਤਾਂ ਛਿਮਾਹੀ ਤੇ ਉਹ ਵੀ ਫ਼ਸਲ ਦੀ ਵੇਚ ਦੇ ਸਮੇਂ ਨਾਲ ਲਿੰਕ ਕਰ ਕੇ ਬਣਾਈਆਂ ਜਾਂਦੀਆਂ ਹਨ। ਇਹ ਯਕੀਨੀ ਬਣਾਉਣ ਲਈ ਕਿ ਕਰਜ਼ਾ ਜਿਸ ਮੰਤਵ ਲਈ ਲਿਆ ਗਿਆ ਹੈ, ਉਸੇ ਲਈ ਵਰਤਿਆ ਗਿਆ ਹੈ, ਬੈਂਕ ਖ਼ਰੀਦੀ ਗਈ ਵਸਤੂ ਦਾ ਬਿੱਲ ਤੇ ਰਸੀਦ ਦੀ ਮੰਗਦੇ ਹਨ।

ਬੈਂਕਾਂ ਦੇ ਪੈਸਿਆਂ ਨਾਲ ਖ਼ਰੀਦੀ ਗਈ ਵਸਤੂ ਦਾ ਇਸ ਦੀ ਪੂਰੀ ਕੀਮਤ ਲਈ ਬੀਮਾ ਵੀ ਕਰਵਾਇਆ ਜਾਂਦਾ ਹੈ। ਕਰਜ਼ਦਾਰ ਚਾਹੇ ਤਾਂ ਆਪਣੀ ਮਰਜ਼ੀ ਦੀ ਏਜੰਸੀ ਕੋਲੋਂ ਬੀਮਾ ਕਰਵਾ ਸਕਦਾ ਹੈ।

ਕਰਜ਼ਾ ਦੇਣ ਵਾਲੀ ਸੰਸਥਾ ਕੋਈ ਵੀ ਹੋਵੇ, ਉਸ ਨੇ ਆਪਣੇ ਦੁਆਰਾ ਪ੍ਰਦਾਨ ਕੀਤੇ ਕਰਜ਼ੇ ਦੀ ਵਾਪਸੀ ਯਕੀਨੀ ਬਣਾਉਣੀ ਹੁੰਦੀ ਹੈ। ਭਾਰਤੀ ਬੈਂਕ ਵੀ ਖੇਤੀ ਸੈਕਟਰ ਨੂੰ ਕਰਜ਼ਾ ਦੇਣ ਵੇਲੇ ਭਾਵੀ ਕਰਜ਼ਦਾਰ ਕੋਲੋਂ ਸਕਿਉਰਿਟੀ/ਗਾਰੰਟੀ ਦੀ ਮੰਗ ਕਰਦੇ ਹਨ। ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਇਕ ਲੱਖ ਤੱਕ ਦੇ ਕਰਜ਼ੇ ਬਿਨਾਂ ਕਿਸੇ ਸਕਿਉਰਿਟੀ ਜਾਂ ਗਾਰੰਟੀ ਦੇ ਦਿੱਤੇ ਜਾਂਦੇ ਹਨ। ਜ਼ਮਾਨਤ ਵਜੋਂ ਬੈਂਕ ਖੇਤੀਬਾੜੀ ਵਾਲੀ ਜ਼ਮੀਨ ਗਹਿਣੇ ਰੱਖਣ ਨੂੰ ਹੀ ਤਰਜੀਹ ਦਿੰਦੀਆਂ ਹਨ। ਪ੍ਰੰਤੂ ਅਜਿਹਾ ਨਹੀਂ ਕਿ ਕਿਸੇ ਹੋਰ ਕਿਸਮ ਦੀ ਸੰਪਤੀ ਸਕਿਉਰਿਟੀ ਵਜੋਂ ਰੱਖੀ ਨਹੀਂ ਜਾ ਸਕਦੀ।

ਕਿਸਾਨਾਂ ਦੀ ਜਾਣਕਾਰੀ ਲਈ ਦੱਸ ਦਿਆਂ ਕਿ ਪਲਾਟ, ਦੁਕਾਨ, ਮਕਾਨ ਆਦਿ ਨਾਲ ਸਬੰਧਤ ਦਸਤਾਵੇਜ਼ ਬੈਂਕ ਵਿਚ ਜ਼ਮਾਨਤ ਵਜੋਂ ਜਮ੍ਹਾ ਕਰਵਾਏ ਜਾ ਸਕਦੇ ਹਨ। ਇਨ੍ਹਾਂ ਦਸਤਾਵੇਜ਼ਾਂ ਤੋਂ ਇਲਾਵਾ ਬੈਂਕ ਦੀ ਐੱਫਡੀ, ਡਾਕਖਾਨੇ ਦੇ ਐੱਨਐੱਸਸੀ, ਕੇਵੀਪੀ, ਬੀਮਾ ਪਾਲਿਸੀ, ਸ਼ੇਅਰ ਜਾਂ ਸੋਨਾ ਗਿਰਵੀ ਰੱਖ ਕੇ ਵੀ ਖੇਤੀਬਾੜੀ ਲਈ ਕਰਜ਼ਾ ਲੈਣ ਦੀ ਸਹੂਲਤ ਹੈ।

ਇਨ੍ਹਾਂ ਤੋਂ ਇਲਾਵਾ ਦੋ ਥਰਡ ਪਾਰਟੀ ਗਾਰੰਟੀ ਦੇ ਆਧਾਰ ’ਤੇ ਵੀ ਬੈਂਕਾਂ ਦੁਆਰਾ ਲੋਨ ਦੇਣ ਦੀ ਵਿਵਸਥਾ ਹੈ। ਇਹ ਕਿਸਾਨ ਨੇ ਦੇਖਣਾ ਹੈ ਕਿ ਉਨ੍ਹਾਂ ਲਈ ਕਿਹੜਾ ਬਦਲ ਸੌਖਾ ਹੈ। ਕਰਜ਼ ਦੀ ਵਰਤੋਂ, ਦੁਰਵਰਤੋਂ ਦੀ ਗੱਲ ਕਰੀਏ ਤਾਂ ਹਰ ਕਿਸਾਨ ਨੂੰ ਸਲਾਹ ਹੈ ਕਿ ਕਿਸਾਨੀ ਕਰਜ਼ਾ ਜਿਸ ਮੰਤਵ ਲਈ ਲਿਆ ਗਿਆ ਹੈ, ਉਸੇ ਮੰਤਵ ਲਈ ਵਰਤਿਆ ਜਾਵੇ। ਕਿਸਾਨੀ ਦੇ ਨਾਂ ’ਤੇ ਲਿਆ ਕਰਜ਼ਾ ਘਰ-ਮਕਾਨ, ਕੋਠੀ, ਕਾਰ, ਬੱਚਿਆਂ ਦੇ ਵਿਆਹ ਜਾਂ ਫਿਰ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਨਹੀਂ ਵਰਤਿਆ ਜਾਣਾ ਚਾਹੀਦਾ।

ਇਨ੍ਹਾਂ ਮੰਤਵਾਂ ਲਈ ਕਰਜ਼ਾ ਮੁਹੱਈਆ ਕਰਵਾਉਣ ਲਈ ਸਾਰੇ ਹੀ ਬੈਂਕਾਂ ਦੀਆਂ ਆਪੋ-ਆਪਣੀਆਂ ਸਕੀਮਾਂ ਹਨ। ਬੈਂਕਾਂ ਦੀ ਚੰਗੀ ਸਿਹਤ ਲਈ ਕਰਜ਼ੇ ਦੀ ਸਮੇਂ ਸਿਰ ਵਾਪਸੀ ਬੇਹੱਦ ਜ਼ਰੂਰੀ ਹੈ। ਬੈਂਕਾਂ ’ਚ ਜਮ੍ਹਾ ਪੂੰਜੀ ਆਮ ਜਨਤਾ ਦੀ ਹੁੰਦੀ ਹੈ। ਇਸ ਲਈ ਕਰਜ਼ੇ ਦੀ ਵਾਪਸੀ ਸਾਨੂੰ ਆਪਣਾ ਕਰਤੱਵ ਸਮਝ ਕੇ ਕਰਨੀ ਚਾਹੀਦੀ ਹੈ। ਬੈਂਕਾਂ ਦੁਆਰਾ ਕਰਜ਼ੇ ਆਸਾਨ ਕਿਸ਼ਤਾਂ ਵਿਚ ਮੋੜਨ ਯੋਗ ਹੁੰਦੇ ਹਨ। ਫ਼ਸਲ ਦਾ ਵੱਧ ਨੁਕਸਾਨ ਹੋਣ ’ਤੇ ਸਰਕਾਰ ਕਿਸਾਨਾਂ ਨੂੰ ਮੁਆਵਜ਼ਾ ਦਿੰਦੀ ਹੈ ਜਾਂ ਫਿਰ ਕਰਜ਼ੇ ਦਾ ਕੁੱਲ ਜਾਂ ਕੁਝ ਹਿੱਸਾ ਮਾਫ਼ ਵੀ ਕਰ ਦਿੰਦੀ ਹੈ।

ਸਮੇਂ ਸਿਰ ਕਰਜ਼ਾ ਨਾ ਮੋੜਨ ਦਾ ਕਿਸੇ ਪਰਿਵਾਰ ਦਾ ਕੋਈ ਨਿੱਜੀ ਕਾਰਨ ਵੀ ਹੀ ਸਕਦਾ ਹੈ ਜਿਵੇਂ ਕਿ ਘਰ ਦੇ ਕਮਾਊ ਜੀਅ ਦੀ ਲੰਮੀ ਬਿਮਾਰੀ ਜਾਂ ਮੌਤ। ਅਜਿਹੇ ਪਰਿਵਾਰਾਂ ਨੂੰ ਆਪਣੀ ਮਜਬੂਰੀ ਲਿਖਤੀ ਰੂਪ ’ਚ ਬੈਂਕ ਨੂੰ ਦੇ ਕੇ ਕਿਸ਼ਤਾਂ ਅੱਗੇ ਕਰਵਾ ਲੈਣੀਆਂ ਚਾਹੀਦੀਆਂ ਹਨ। ਬੈਂਕ ਅਜਿਹਾ ਕਰਨ ਤੋਂ ਮਨ੍ਹਾ ਨਹੀਂ ਕਰਦੇ। ਜਾਣਬੁੱਝ ਕੇ ਬੈਂਕ ਦੇ ਡਿਫਾਲਟਰ ਬਣ ਕੇ ਖਾਤਾ ਐੱਨਪੀਏ ਨਾ ਬਣਨ ਦਿਉ। ਐੱਨਪੀਏ ਖਾਤਾ ਧਾਰਕ ਕਿਸਾਨ ਦਾ ਸਿਬਲ ਖ਼ਰਾਬ ਹੋ ਜਾਂਦਾ ਹੈ ਤੇ ਉਹ ਭਵਿੱਖ ’ਚ ਕਿਸੇ ਵੀ ਸੰਸਥਾ ਤੋਂ ਕਰਜ਼ਾ ਲੈਣ ਦੇ ਯੋਗ ਨਹੀਂ ਰਹਿੰਦਾ।

**-ਜਗਦੇਵ ਸ਼ਰਮਾ ਬੁਗਰਾ**

# ਪਾਕਿਸਤਾਨ ’ਚ ਪੰਜਾਬ ਵਿਧਾਨ ਸਭਾ ’ਚ ਹੁਣ ਵਿਧਾਇਕਾਂ ਨੂੰ ਪੰਜਾਬੀ ਬੋਲਣ ਦਾ ਮਿਲਿਆ ਅਧਿਕਾਰ

**ਇਸਲਾਮਾਬਾਦ:** ਪਾਕਿਸਤਾਨ ’ਚ ਪੰਜਾਬ ਵਿਧਾਨ ਸਭਾ ’ਚ ਹੁਣ ਵਿਧਾਇਕਾਂ ਨੂੰ ਪੰਜਾਬੀ ਸਮੇਤ ਚਾਰ ਸਥਾਨਕ ਭਾਸ਼ਾਵਾਂ ’ਚ ਬੋਲਣ ਦਾ ਅਧਿਕਾਰ ਮਿਲ ਗਿਆ ਹੈ। ਇਹ ਉਰਦੂ ਤੇ ਅੰਗਰੇਜ਼ੀ ਦੇ ਇਲਾਵਾ ਹੈ।

ਇਸ ਨੂੰ ਲੈ ਕੇ ਇਕ ਸੋਧ ਨੂੰ ਮਨਜ਼ੂਰੀ ਦਿੱਤੀ ਗਈ ਹੈ। ਸਪੀਕਰ ਮਲਿਕ ਮੁਹੰਮਦ ਅਹਿਮਦ ਖਾਨ ਦੀ ਅਗਵਾਈ ’ਚ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਕਮੇਟੀ ਨੇ ਵੀਰਵਾਰ ਨੂੰ ਇਸ ਸੋਧ ਨੂੰ ਮਨਜ਼ੂਰੀ ਦਿੱਤੀ। ਇਸ ਵਿਚ ਅੰਗਰੇਜ਼ੀ




ਤੇ ਉਰਦੂ ਤੋਂ ਇਲਾਵਾ ਚਾਰ ਭਾਸ਼ਾਵਾਂ ਪੰਜਾਬੀ, ਸਰਾਏਕੀ, ਪੋਠੋਹਾਰੀ ਤੇ ਮੇਵਾਤੀ ’ਚ ਸਦਨ ਨੂੰ ਸੰਬੋਧਨ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਜੇਕਰ ਕਿਸੇ ਸ਼ਖ਼ਸ ਨੂੰ ਉਰਦੂ ਤੇ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ’ਚ ਬੋਲਣਾ ਹੁੰਦਾ ਸੀ ਤਾਂ ਉਨ੍ਹਾਂ ਨੂੰ ਸਪੀਕਰ ਤੋਂ ਮਨਜ਼ੂਰੀ ਲੈਣ ਦੀ ਜ਼ਰੂਰਤ ਪੈਂਦੀ ਸੀ।

ਅਹਿਮਦ ਖਾਨ ਨੇ ਕਿਹਾ ਕਿ ਸਰਕਾਰੀ ਕਾਰਵਾਈ ’ਚ ਖੇਤਰੀ ਭਾਸ਼ਾਵਾਂ ਨੂੰ ਮਾਨਤਾ ਦੇਣਾ ਤੇ ਸ਼ਾਮਲ ਕਰਨਾ ਪੰਜਾਬ ਦੀ ਭਾਸ਼ਾਈ ਵਿਰਾਸਤ ਪ੍ਰਤੀ ਸੱਭਿਆਚਾਰਕ ਸਨਮਾਨ ਤੇ ਮਨਜ਼ੂਰੀ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੇ ਨਿਯਮਾਂ ’ਚ ਸੋਧ ਦਾ ਮਕਸਦ ਇਨ੍ਹਾਂ ਭਾਸ਼ਾਵਾਂ ਨੂੰ ਬੋਲਣ ਵਾਲਿਆਂ ਲਈ ਪਹੁੰਚ ਵਧਾਉਣਾ ਤੇ ਜ਼ਿਆਦਾ ਨੁਮਾਇੰਦੇ ਤੇ ਜਵਾਬਦੇਹ ਵਿਧਾਨਕ ਸੰਸਥਾ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਬਦਲਾਅ ਵਿਧਾਇਕਾਂ ਨੂੰ ਵਿਧਾਨਕ ਚਰਚਾਵਾਂ ’ਚ ਅਸਰਦਾਰ ਤਰੀਕੇ ਨਾਲ ਹਿੱਸਾ ਲੈਣ ’ਚ ਸਮਰੱਥ ਬਣਾਏਗਾ।

# ਇੰਝ ਵੀ ਹੁੰਦੈ

## ਆਓ ਜਾਣੀਏ, ਸਿੱਕਿਆਂ ਦੇ ਵਿਲੱਖਣ ਇਤਿਹਾਸ ਬਾਰੇ

ਤੁਸੀਂ ਆਪਣੇ ਆਲੇ-ਦੁਆਲੇ ਕਈ ਅਜਿਹੇ ਲੋਕਾਂ ਨੂੰ ਦੇਖਿਆ ਹੋਵੇਗਾ, ਜਿਨ੍ਹਾਂ ਕੋਲ ਨਵੇਂ ਅਤੇ ਪੁਰਾਣੇ ਸਿੱਕਿਆਂ ਦੀ ਵੱਡੀ ਕਲੈਕਸ਼ਨ ਹੋਵੇਗੀ।

ਅਸਲ ’ਚ ਕੁਝ ਲੋਕਾਂ ਨੂੰ ਸਿੱਕੇ ਜਮ੍ਹਾ ਕਰਨ ਦਾ ਸ਼ੌਕ ਹੁੰਦਾ ਹੈ। ਕੀ ਤੁਸੀਂ ਜਾਣਦੇ ਹੋ ਕਿ ਸਿੱਕਾ ਕਿਸ ਧਾਤੂ ਨਾਲ ਬਣਿਆ ਹੈ, ਕਿਥੇ ਬਣਾਇਆ ਭਾਵ ਢਾਲਿਆ ਜਾਂਦਾ ਹੈ ? ਚੱਲੋ ਜਾਣਦੇ ਹਾਂ ਕਿ ਸਿੱਕੇ ਬਣਾਉਣ ’ਚ ਕਿਸ ਧਾਤੂ ਦੀ ਵਰਤੋਂ ਕੀਤੀ ਜਾਂਦੀ ਹੈ।

ਸਭ ਤੋਂ ਪਹਿਲਾਂ ਜਾਣਦੇ ਹਾਂ ਕਿ ਦੇਸ਼ ’ਚ ਕਿਸ ਥਾਂ ’ਤੇ ਸਿੱਕੇ ਬਣਦੇ ਹਨ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਅਨੁਸਾਰ ਭਾਰਤ ‘ਚ ਚਾਰ ਥਾਵਾਂ ’ਤੇ ਸਿੱਕੇ ਢਾਲੇ ਜਾਂਦੇ ਹਨ। ਸਿੱਕੇ ਮੁੰਬਈ, ਕੋਲਕਾਤਾ, ਹੈਦਰਾਬਾਦ ਅਤੇ ਨੋਇਡਾ ’ਚ ਢਾਲੇ ਜਾਂਦੇ ਹਨ।

ਇੰਨਾ ਹੀ ਨਹੀਂ, ਸਿੱਕਿਆਂ ’ਤੇ ਬਣੇ ਨਿਸ਼ਾਨ ਨੂੰ ਦੇਖ ਕੇ ਇਹ ਵੀ ਪਤਾ ਲਗਾਇਆ ਜਾ ਸਕਦਾ ਹੈ ਕਿ ਇਹ ਸਿੱਕਾ ਕਿੱਥੇ ਬਣਿਆ ਹੈ। ਹਰ ਸਿੱਕੇ ’ਤੇ ਉਸ ਦੇ ਢਾਲਣ ਦਾ ਸਾਲ ਲਿਖਿਆ ਹੁੰਦਾ ਹੈ। ਸਿੱਕਿਆਂ ‘ਤੇ ਲਿਖੇ ਸਾਲ ਦੇ ਹੇਠਾਂ ਇਕ ਨਿਸ਼ਾਨ ਹੁੰਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਸਿੱਕਾ ਕਿਸ ਥਾਂ ‘ਤੇ ਢਲਿਆ ਹੈ। ਜੇ ਕਿਸੇ ਸਿੱਕੇ ‘ਤੇ ਤਾਰਾ (ਸਟਾਰ) ਬਣਿਆ ਹੈ ਤਾਂ ਇਸ ਦਾ ਮਤਲਬ ਹੈ ਕਿ ਉਸ ਨੂੰ ਹੈਦਰਾਬਾਦ ’ਚ ਢਾਲਿਆ ਗਿਆ ਹੈ। ਜਦਕਿ ਨੋਇਡਾ ’ਚ ਢਾਲੇ ਗਏ ਸਿੱਕੇ ‘ਤੇ ਇਕ ਠੋਸ ਬਿੰਦੂ ਹੁੰਦਾ ਹੈ। ਇਸ ਦੇ ਇਲਾਵਾ



ਮੁੰਬਈ ’ਚ ਢਾਲੇ ਗਏ ਸਿੱਕਿਆਂ ਦਾ ਆਕਾਰ ਹੀਰੇ ਵਰਗਾ ਹੁੰਦਾ ਹੈ ਜਦਕਿ ਕੋਲਕਾਤਾ ’ਚ ਢਾਲੇ ਗਏ ਸਿੱਕਿਆਂ ’ਤੇ ਅਜਿਹਾ ਕੋਈ ਨਿਸ਼ਾਨ ਨਹੀਂ ਹੁੰਦਾ।

ਭਾਰਤ ’ਚ ਸਿੱਕੇ ਸਿੱਕਾ ਕਾਨੂੰਨ 1906 ਦੇ ਤਹਿਤ ਢਾਲੇ ਜਾਂਦੇ ਹਨ। ਭਾਰਤ ਸਰਕਾਰ ਸਮੇਂ-ਸਮੇਂ ’ਤੇ ਧਾਤੂਆਂ ਦੇ ਮੁੱਲ ਦੇ ਆਧਾਰ ’ਤੇ ਵੱਖ-ਵੱਖ ਧਾਤੂਆਂ ਦੀ ਵਰਤੋਂ ਕਰਦੀ ਹੈ। ਮੌਜੂਦਾ ’ਚ ਵਧੇਰੇ ਸਿੱਕਿਆਂ ਦੇ ਨਿਰਮਾਣ ਲਈ ਫੇਰਿਟਿਕ ਸਟੇਨਲੈੱਸ ਸਟੀਲ (17 ਫੀਸਦੀ ਕ੍ਰੋਮੀਅਮ 83 ਫੀਸਦੀ ਲੋਹੇ) ਦੀ ਵਰਤੋਂ ਕੀਤੀ ਜਾ ਰਹੀ ਹੈ। ਜੇ ਅਸੀਂ 10 ਰੁਪਏ ਦੇ ਸਿੱਕੇ ਦੀ ਗੱਲ ਕਰੀਏ ਤਾਂ ਇਹ ਸਿੱਕਾ ਗੋਲ ਅਤੇ 27 ਮਿਲੀਮੀਟਰ ਲੰਬਾ ਹੈ। ਇਸ ਸਿੱਕੇ ਦਾ ਭਾਰ 7.71 ਗ੍ਰਾਮ ਹੈ, ਜਿਸ ’ਚ ਬਾਹਰੀ ਪੀਲੇ ਛੱਲੇ ਦਾ ਭਾਰ 4.45 ਗ੍ਰਾਮ ਹੈ, ਜਦਕਿ ਅੰਦਰੂਨੀ ਹਿੱਸੇ ਦਾ ਭਾਰ 3.26 ਗ੍ਰਾਮ ਹੈ।

**ਦਿਲਚਸਪ ਤੱਥ :**

ਰੁਪਇਆ ਸ਼ਬਦ ਸੰਸਕ੍ਰਿਤ ‘ਰੂਪਯਕਾਮ’ ਤੋਂ ਬਣਿਆ ਹੈ।ਇਸ ਦਾ ਅਰਥ ਹੈ ਚਾਂਦੀ ਦਾ ਸਿੱਕਾ। ਭਾਰਤੀ ਕਰੰਸੀ ਨੂੰ ਰੁਪਇਆ ਨਾਂ ਸ਼ੇਰ ਸ਼ਾਹ ਸੂਰੀ ਨੇ ਦਿੱਤਾ ਸੀ। ਉਸ ਨੇ 1540-45 ਵਿਚ ਚਾਂਦੀ ਦੇ ਸਿੱਕੇ ਜਾਰੀ ਕੀਤੇ। 10 ਗ੍ਰਾਮ ਚਾਂਦੀ ਦੇ ਬਣੇ ਸਿੱਕੇ ਨੂੰ ਰੁਪਇਆ ਕਿਹਾ ਜਾਂਦਾ ਸੀ।

**ਚਾਂਦੀ ਦਾ ਸਿੱਕਾ** : ਸ਼ੇਰਸ਼ਾਹ ਸੂਰੀ ਦੁਆਰਾ ਜਾਰੀ ਕੀਤਾ ਗਿਆ ਚਾਂਦੀ ਦਾ ਸਿੱਕਾ ਮੁਗਲ ਕਾਲ, ਮਰਾਠਾ ਸਾਮਰਾਜ ਅਤੇ ਬ੍ਰਿਟਿਸ਼ ਭਾਰਤ ਵਿਚ ਵਰਤਿਆ ਜਾਂਦਾ ਰਿਹਾ ਹੈ। ਇਸ ਤੋਂ ਇਲਾਵਾ ਸ਼ੇਰਸ਼ਾਹ ਸੂਰੀ ਨੇ ਤਾਂਬੇ ਅਤੇ ਸੋਨੇ ਦੇ ਸਿੱਕੇ ਵੀ ਚਲਾਏ।

**ਰਿਜ਼ਰਵ ਬੈਂਕ ਦੀ ਸਥਾਪਨਾ–** 1 ਅਪ੍ਰੈਲ 1935 ਨੂੰ ਰਿਜ਼ਰਵ ਬੈਂਕ ਦੀ ਸਥਾਪਨਾ ਹੋਈ। ਜਨਵਰੀ 1938 ਵਿਚ, ਰਿਜ਼ਰਵ ਬੈਂਕ ਨੇ 5 ਰੁਪਏ ਦਾ ਪਹਿਲਾ ਨੋਟ ਜਾਰੀ ਕੀਤਾ। 1950 ਵਿੱਚ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ 1 ਪੈਸਾ, 12, 1 ਅਤੇ 2 ਆਨੇ, 14, 1.2 ਅਤੇ 1 ਰੁਪਏ ਦੇ ਸਿੱਕੇ ਜਾਰੀ ਕੀਤੇ ਗਏ।

1953 ਵਿਚ ਨੋਟਾਂ ‘ਤੇ ਮੁੱਖ ਰੂਪ ਨਾਲ ਹਿੰਦੀ ਦਾ ਇਸਤੇਮਾਲ ਕੀਤਾ ਗਿਆ ਤੇ 1954 ਵਿਚ ਫੈਸਲਾ ਕੀਤਾ ਗਿਆ ਕਿ ਰੁਪਏ ਦਾ ਬਹੁਬਚਨ ਰੁਪਇਆ ਹੋਵੇਗਾ।

**ਰੁਪਏ ਨੂੰ ਪੈਸੇ ਵਿਚ ਵੰਡਿਆ ਗਿਆ:**

1957 ਵਿਚ ਰੁਪਏ ਨੂੰ 100 ਨਵੇਂ ਪੈਸੇ ਵਿਚ ਵੰਡਿਆ ਗਿਆ। 1957 ਤੋਂ 67 ਦੇ ਵਿਚਕਾਰ, ਇੱਕ, ਦੋ, ਤਿੰਨ, ਪੰਜ ਅਤੇ ਦਸ ਪੈਸੇ ਦੇ ਐਲੂਮੀਨੀਅਮ ਦੇ ਸਿੱਕੇ ਜਾਰੀ ਕੀਤੇ ਗਏ ਸਨ। 1980 ਵਿਚ ਨਵੇਂ ਨੋਟ ਜਾਰੀ ਕੀਤੇ ਜਾਣ ‘ਤੇ ਵਿਗਿਆਨ ਅਤੇ ਤਕਨਾਲੋਜੀ, ਤਰੱਕੀ ਅਤੇ ਭਾਰਤੀ ਕਲਾ ਦੇ ਪ੍ਰਤੀਕਾਂ ਦੀ ਵਰਤੋਂ ਕੀਤੀ ਗਈ ਸੀ।

2 ਰੁਪਏ ਦੇ ਨੋਟ ’ਤੇ ਆਰੀਆਭੱਟ ਦੀ ਤਸਵੀਰ, 1 ਰੁਪਏ ਦੇ ਨੋਟ ‘ਤੇ ਤੇਲ ਦਾ ਖੂਹ ਅਤੇ 5 ਰੁਪਏ ਦੇ ਨੋਟ ‘ਤੇ ਖੇਤੀ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ, 20 ਰੁਪਏ ਅਤੇ 10 ਰੁਪਏ ਦੇ ਨੋਟਾਂ ‘ਤੇ ਮੋਰ, ਕੋਣਾਰਕ ਦਾ ਚਿੱਤਰ ਉਕਰਿਆ ਗਿਆ।

ਸਾਲ 1988 ਵਿਚ 10, 25 ਤੇ 50 ਪੈਸੇ ਦੇ ਸਟੇਨਲੈੱਸ ਸਟੀਲ ਦੇ ਸਿੱਕੇ ਜਾਰੀ ਕੀਤੇ ਗਏ। 1992 ਵਿਚ 1 ਰੁਪਏ ਤੇ 5 ਰੁਪਏ ਦੇ ਸਟੇਨਲੈੱਸ ਸਟੀਲ ਦੇ ਸਿੱਕੇ ਜਾਰੀ ਕੀਤੇ ਗਏ।

## ਮੁੰਬਈ ਏਅਰਪੋਰਟ ’ਤੇ ਔਰਤਾਂ ਦੇ ਅੰਡਰਗਾਰਮੈਂਟਸ ਵਿਚੋਂ ਮਿਲਿਆ 19.15 ਕਰੋੜ ਦਾ ਸੋਨਾ

ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਕਸਟਮ ਵਿਭਾਗ ਨੇ ਵੱਖ-ਵੱਖ ਮਾਮਲਿਆਂ ’ਚ 2 ਵਿਦੇਸ਼ੀ ਮਹਿਲਾ ਨਾਗਰਿਕਾਂ ਦੇ ਅੰਡਰਗਾਰਮੈਂਟਸ ਅਤੇ ਸਾਮਾਨ ’ਚ ਲੁਕਾਇਆ ਗਿਆ 19.15 ਕਰੋੜ ਰੁਪਏ ਦਾ 32.79 ਕਿਲੋ ਸੋਨਾ ਜ਼ਬਤ ਕੀਤਾ ਹੈ।

ਸੋਮਵਾਰ ਨੂੰ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਉਤਰਨ ਤੋਂ ਬਾਅਦ ਅਫਰੀਕੀ ਦੇਸ਼ਾਂ ਦੀਆਂ ਦੋਵੇਂ ਮਹਿਲਾ ਯਾਤਰੀਆਂ ਦੀ ਸ਼ੱਕ ਦੇ ਆਧਾਰ ’ਤੇ ਤਲਾਸ਼ੀ ਲਈ ਗਈ।



ਦੋਵਾਂ ਮਾਮਲਿਆਂ ’ਚ ਅੰਡਰਗਾਰਮੈਂਟਸ ਅਤੇ ਸਾਮਾਨ ‘ਚ ਲੁਕਾਇਆ ਹੋਇਆ ਸੋਨਾ ਮਿਲਿਆ ਹੈ। ਔਰਤਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## EVENTS

**South Asian Adults & Seniors - New Game for Senior Members - Ladder Toss Balls ( Bolas) Game,
New Game at Shanti Niketan hall on May 5th 2024 (Sunday) from 2,00 pm to 3.30 pm.**

**High Lighted Event in May 2024, Vedic Seniors Parivar Centre of Vedic Hindu Cultural Society of BC, is going to celebrate Mother's Day & Group Birthday of Senior Members on May 13th 2024 (Monday) from 10.00 am to 1.00 pm at Shanti Niketan hall of Lakshmi Narayan Mandir Surrey BC. Group Birthday of Senior Members, born between 27th December to 13th May will be celebrated. The new members are requested to inform the Coordinator about their Date of birth for records. There will be no Yoga session on May 13th 2024 (Monday) to carry on celebration.**

**Vedic Seniors Parivar Centre of Vedic Hindu Cultural Society of BC invites South Asian Adults & Senior members to practice the New Game which we have purchased, Ladder Toss Balls ( Bolas ) Game. This game is designed to engage Seniors in activities of sports and the exercise. Two Ladders & 6 Balls ( Bolas 3 Blue & 3 Red ) are easy to throw & tricky to aim the Tossing makes a challenge that turns outdoor gathering or inside gathering an excitement. Two Ladders are placed at a distance of 15 feet facing one another. The players take turns Tossing Balls (Bolas ) at the Ladders, attempting to loop them around the Ladder Rungs. 3 points for looping the Top Ladder Rung, 2 points for looping the middle Ladder Rung and 1 point for looping the bottom Ladder Rung. The player who scores the maximum ( 21 Points ) in 3 Tossing's, is a winner and will be given a treat. The game will start on May 5th 2024 (Sunday) from 2.00 pm to 3.30 pm at Shanti Niketan hall of Lakshmi Narayan Temple 8321 - 140th street Surrey V3W 5K9 BC. Some of the seniors can engage themselves with Playing Cards for keeping the brain active & healthy. Tea and light snacks will be served to members after the game is over. Please keep social distance to protect yourself and others.**

**In Person Yoga Classes will continue for members only at Shanti Niketan hall every Monday and every Thursday by expert Yoga Instructor Mr. Ashwani Bansal from 10.00 am to 11.30 am both the days and will also help to make sure all seniors are doing correct Yoga. All members should place the yoga mat, to keep the social distance from other members. Please remember Pure vegetarian Lunch is being served in the dining hall of the Temple to all seniors every Thursday at around 11.30 am after the yoga class. Project funded by Government of Canada's New Horizons for Seniors Program for Hindi speaking seniors. Please contact Surendra Handa Coordinator Vedic Seniors Parivar Centre Lakshmi Narayan Temple 8321 - 140th street Surrey BC, and also Coordinator APNI South Asian Community Response Networks Surrey BC, Tel. 604 - 507 - 9945 for registration and further details.**

SURREY DENTAL CARE

604-200-3993

Open Monday to Friday 10- 6 pm

# We'll Take Care Of Your Teeth



**General**
- Exams/Cleaning
- Dental Sealants
- Root Canals
- Crowns/Caps
- Duentures
- Gum Disease

**Cosmetic**
- Teeth Whitening
- Veneers
- Smile Design

**Surgical**
- Wisdom Teeth
- Implants

**High-Tech Exam**
- Dignodent
- Digital X-Rays
- Intra-Oral Camera

206 - 15230 56 Ave (HWY 10) V3S 5K7

info@surreydentalcare.ca



# ਚੋਣਾਂ ਹਾਰਨ ਦੇ ਬਾਵਜੂਦ ਕੇਂਦਰੀ ਮੰਤਰੀ ਬਣੇ ਰਵਨੀਤ ਬਿੱਟੂ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਤੀਜੀ ਵਾਰ ਕੇਂਦਰ ਵਿੱਚ ਬਣੀ ਸਰਕਾਰ ਵਿੱਚ ਪੰਜਾਬ ਦੇ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਰਵਨੀਤ ਬਿੱਟੂ ਵੀ ਰਾਜ ਮੰਤਰੀ ਬਣ ਗਏ ਹਨ। ਰਵਨੀਤ ਬਿੱਟੂ ਨੂੰ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਰਾਇਆ ਸੀ। ਇਸ ਚੋਣ ਵਿੱਚ ਭਾਵੇਂ ਭਾਜਪਾ ਨੂੰ ਇੱਕ ਵੀ ਸੀਟ ਨਹੀਂ ਮਿਲੀ ਪਰ ਭਾਜਪਾ ਪੰਜਾਬ ਵਿੱਚ ਤੀਜੀ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ। ਰਵਨੀਤ ਬਿੱਟੂ ਨੂੰ ਕੇਂਦਰ ਵਿੱਚ ਮੰਤਰੀ ਬਣਾਉਣ ਪਿੱਛੇ ਭਾਜਪਾ ਹਾਈਕਮਾਂਡ ਦੀ ਵੱਡੀ ਰਣਨੀਤੀ ਹੈ।

ਬਿੱਟੂ ਦੇ ਮੰਤਰੀ ਬਣਨ ਤੋਂ ਬਾਅਦ ਇਹ ਵੀ ਸਾਫ਼ ਹੋ ਗਿਆ ਹੈ ਕਿ ਭਾਜਪਾ ਹੁਣ ਉਨ੍ਹਾਂ ਨੂੰ ਰਾਜ ਸਭਾ 'ਚ ਭੇਜੇਗੀ। ਗੁਆਂਢੀ ਰਾਜ ਹਰਿਆਣਾ ਵਿੱਚ ਵੀ ਇੱਕ ਰਾਜ ਸਭਾ ਸੀਟ ਖਾਲੀ ਹੋ ਗਈ ਹੈ।

ਮੋਦੀ ਸਰਕਾਰ ਵਿਚ 2014 ਤੋਂ ਪੰਜਾਬ ਨੂੰ ਹਮੇਸ਼ਾ ਮੰਤਰੀ ਦੇ ਅਹੁਦਿਆਂ 'ਤੇ ਨੁਮਾਇੰਦਗੀ ਮਿਲੀ ਹੈ। 2014 ਵਿੱਚ ਅਰੁਣ ਜੇਤਲੀ ਨੂੰ ਅੰਮ੍ਰਿਤਸਰ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਪਰ ਉਨ੍ਹਾਂ ਨੂੰ ਰਾਜ ਸਭਾ ਮੈਂਬਰ ਬਣਾ ਕੇ ਵਿੱਤ ਮੰਤਰੀ ਬਣਾ ਦਿੱਤਾ ਗਿਆ।

2019 ਵਿੱਚ ਹਰਦੀਪ ਪੁਰੀ ਅੰਮ੍ਰਿਤਸਰ ਤੋਂ ਚੋਣ ਹਾਰ ਗਏ, ਪਰ ਉਨ੍ਹਾਂ ਨੂੰ ਰਾਜ ਸਭਾ ਤੋਂ ਚੁਣ ਕੇ ਮੰਤਰੀ ਦਾ ਅਹੁਦਾ ਦਿੱਤਾ ਗਿਆ।

ਇਸ ਤੋਂ ਇਲਾਵਾ 2014 ਵਿੱਚ ਵਿਜੇ ਸਾਂਪਲਾ ਨੂੰ ਵੀ ਕੇਂਦਰੀ ਰਾਜ ਮੰਤਰੀ ਬਣਾਇਆ ਗਿਆ। 2019 ਵਿੱਚ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਸੋਮ ਪ੍ਰਕਾਸ਼ ਨੂੰ ਕੇਂਦਰੀ ਰਾਜ ਮੰਤਰੀ ਅਤੇ ਗਠਜੋੜ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਵੀ ਕੈਬਨਿਟ ਮੰਤਰੀ ਰਹਿ ਚੁੱਕੀ ਹਨ।




# ਜਬਰ-ਜ਼ਨਾਹ ਦੇ ਦੋਸ਼ 'ਚ 91 ਸਾਲਾ ਕੈਨੇਡੀਅਨ ਅਰਬਪਤੀ ਗ੍ਰਿਫਤਾਰ

**ਟੋਰਾਂਟੋ** : ਪੁਲੀਸ ਨੇ ਕੈਨੇਡੀਅਨ ਅਰਬਪਤੀ ਫਰੈਂਕ ਸਟ੍ਰੋਨਾਚ ਨੂੰ ਜਬਰ-ਜ਼ਨਾਹ ਅਤੇ ਸ਼ਰੀਰਕ ਸ਼ੋਸ਼ਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਹੈ। 91 ਸਾਲਾ ਕਾਰੋਬਾਰੀ ਨੂੰ ਟੋਰਾਂਟੋ ਦੇ ਉਪਨਗਰ ਔਰੋਰਾ ਤੋਂ ਗ੍ਰਿਫਤਾਰ ਕੀਤਾ ਗਿਆ। ਪੀਲ ਖੇਤਰੀ ਪੁਲਸ ਨੇ ਕਿਹਾ ਕਿ ਕਥਿਤ ਸ਼ਰੀਰਕ ਸ਼ੋਸ਼ਣ 1980 ਦੇ ਦਹਾਕੇ ਤੋਂ ਲੈ ਕੇ 2023 ਤੱਕ ਦੇ ਹਨ।

ਸਟ੍ਰੋਨਾਚ ਕੈਨੇਡਾ ਦੀ ਮੈਗਨਾ ਇੰਟਰਨੈਸ਼ਨਲ ਦੇ ਸੰਸਥਾਪਕ ਹਨ, ਜੋ ਵਾਹਨ ਨਿਰਮਾਤਾਵਾਂ ਲਈ ਪੁਰਜ਼ੇ ਬਣਾਉਂਦੀ ਹੈ, ਨੂੰ ਸ਼ਰਤਾਂ ਨਾਲ ਰਿਹਾਅ ਕਰ ਦਿੱਤਾ ਹੈ। ਉਨ੍ਹਾਂ ਦੇ ਵਕੀਲ ਨੇ ਕਿਹਾ ਕਿ ਉਹ ਆਪਣੇ 'ਤੇ ਲਗਾਏ ਗਏ ਸਾਰੇ ਦੋਸ਼ਾਂ ਨੂੰ 'ਸਪੱਸ਼ਟ ਤੌਰ 'ਤੇ ਨਕਾਰਦੇ ਹਨ।'

ਪੀਲ ਰੀਜਨਲ ਪੁਲਸ ਕਾਂਸਟੇਬਲ ਟੇਲਰ ਬੈੱਲ ਨੇ ਕਿਹਾ ਕਿ ਕਾਰੋਬਾਰੀ 'ਤੇ ਇਕ ਤੋਂ ਵੱਧ ਔਰਤਾਂ ਵੱਲੋਂ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਹੈ।

ੴ ਸਤਿਗੁਰ ਪ੍ਰਸਾਦਿ। ।
||ਜੇਹਾ ਚਿਰੀ ਲਿਖਿਆ ਤੇਹਾ ਹੁਕਮ ਕਮਾਹਿ
ਘੱਲੇ ਆਵਹਿ ਨਾਨਕਾ ਸਦੇ ਉਠੀ ਜਾਹਿ!||



# Gursewak Singh Sandhar

October 4, 1949 – June 5, 2024

Funeral Services:
Saturday June 15, 2024 at 2 PM

Riverside Funeral Home
7410 Hopcott Rd, Delta

Bhog at4 PM
Gurdwara Dukhnivaran Sahib
15255 68 Ave, Surrey

Jatinder Sandhar
604-308-9913

*Love you Dad*

Puneet Sandhar
778-288-7324

Vol. 17, Issue: 24 | Friday, June 14, 2024

# REALTY CLASSIFIEDS

W: www.realtyclassifieds.ca | E: design@swmediagroup.ca | Ph: 604-825-3950,
Off: 604-507-8009, #3 7953 120 St., Delta BC V4C 6PC | Fax: 1-855-796-3342

FOR ALL YOUR MORTGAGE NEEDS CALL NOW!



OPINDER SOHAL
778.882.9914

Dominion Lending Centres - First Pacific Mortgage
FIRST PACIFIC MORTGAGE



JONATHAN FUNG
604.807.0888

## Canadian investors eye utilities, real estate stocks as BoC cuts rates

TORONTO, June 12 (Reuters) - Canadian utility and real estate stocks are likely to be among the biggest beneficiaries of the Bank of Canada's move to begin cutting interest rates, while the prospect of increased loan demand could help bank shares, investors say.

The BoC last Wednesday became the first G7 central bank to ease monetary policy, lowering its benchmark rate by 25 basis points to 4.75%. Roughly 150 basis points of additional cuts are priced into the bond market over the next couple of years.

Interest rate-sensitive sectors such as utilities, real estate investment trusts, or REITs, and financials account for 35% of the weighting on Canada's main stock index, the S&P/TSX Composite (.GSPTSE), opens new tab.

"They've started cutting rates, there's more to come," said Joseph Abramson, co-chief investment officer at Northland Wealth Management. "The two big sector plays on that are REITs and utilities ... they're both income plays and they also have a lot of debt."

REITs own income-producing real estate, while utilities include high-dividend paying pipeline companies such as Enbridge Inc and TC Energy Corp.

"The defensive parts of the market - think REITs, utilities and telecom - those areas have been hit particularly hard as rates have gone up," said Mike Archibald, a portfolio manager at AGF Investments. "If rates go as consensus is thinking ... those sectors I think would start to play a little bit of catch up."

JASSAL SIGNS
www.jassalsigns.com
604.599.4221



FOR ALL YOUR SIGN & PRINTING NEEDS

- Booklets • Flyers
- Posters • Business Cards
- Real Estate Signs
- Sandwich Boards
- Wide Format Printing
- Vehicle Wrap
- 3D Signs • Channel Letters

#101 7728 128 St., Surrey

Our First Journey is to Find That Special Place For You...

MLS MEDALLION CLUB MEMBER



AJIT THALIWAL
Cell: 604.727.5166
ajitsthaliwal@gmail.com

RE/MAX

We specialize in Land Assembly, Lots & Residential Properties



RAMAN KOONER
Cell: 604.825.4433
ramankooner@gmail.com




**Richmond**
**10220 Railway Avenue**

Stunning Coach House in Steveston. No expense has been spared in this 2,682 sq ft home, 6 Bed 6 Bath home boasting top quality finishings, expert craftsmenship, and top materials. Including Imported European Tiles, Euro Quartz Counters, extensive custom millwork, High end S/S Bosch Appliances and quality fixtures and faucets not to mention Air Conditioning/Heat Pump/HRV & Radiant Floor Heating in the Home with huge rental potential. Very Flexible floor plan with Bedroom on the main floor with brilliant entertainment space. Fully Fenced and Landscaped yard and monitored security all around. Just a stones throw from the Famous Steveston "Village", Transit, All levels of Schools and Shopping. 2-5-10. Home Warranty.




**RICHMOND**
**22811 Mclean Avenue**

Introducing Another Award Winning Community by Infinity Living "Richstone Hamilton" nestled in the quiet rapidly growing Richmond Suburb of Hamilton. 25 Farmhouse inspired townhomes with gorgeous finishings estimated for completion in May 2025. These 3 Bedroom townhomes boast designer kitchens, Fisher & Paykel appliance package, authentic imported european tiles, Quartz countertops, custom wood work, Air Con/Heat Pump/HRV and double tandem/side by side garages. These units are very well appointed. Walking distance to Shopping, schools, parks, childcare and transit. Please contact us for more details and information.




**Claysmith**
**8140 Claysmith Road,**

9379 SF RS1/E Lot with a clean, 1964 built 2400 SF 3 Bdrm, 1.5 Bath Rented House, in a quiet neighbourhood of Newer Luxury Homes near Blundell & No1 Rd in the Boyd Park area of Richmond. Currently.




**Chilliwack**
**8811 Saunders Road**

SOLD




**Chilliwack**
**44477 Yale Road**

Over half an acre of prime development land next to Cap-It and other major anchors. The current use is non-conforming motel and 9 units are rented for great holding income. The property is M2 zoned for business industrial uses and ready for building permit for the development of your choice with very few restrictions. See City of Chilliwack M2 zoning permit guidelines.




**RICHMOND**
**1 8620 Railway Avenue**

Introducing The Richstone. Another award winning townhouse community by Infinity Living. Located in the Railway Corridor in West Richmond with all amenities at your doorstep. Offering a very limited collection of Farmhouse inspired townhomes ranging 1207SF to 1612SF living area+ garage with luxurious finishing. Featuring 4 bdrms & 3 bdrms plans, designer kitchens, double tandem and side by side garages. All units are West Facing. Fisher & Paykel appliance package, Highly energy efficient w/heat pump and AC. Walking distance to Seafair Shopping center, Schools, parks, tree lined walking path & more. Ready to move in Mid - 2022.




**RICHMOND**
**3411 Lockhart Road**

Richmond's boutique builder Infinity Living presents another gorgeous home in one of Richmond's finest neighborhoods. This spacious 5 bedroom, 5 bath home, Lot is over 6000+ SqFt lot.




**ANNIEVILLE**
**11452 93 Avenue, Delta**

Welcome to Annieville Neighborhood. This modern luxury residence built in 2021 offers expansive living space with stunning views of North Shore Mountains and City from balconies and upper Deck.




**SCOTTSDALE**
**8336 118 Street, Delta**

Prime Location! Well kept 2 story house good size nice lot 6,000 sq. ft in a desirable neighborhood in North Delta. This house offers 3 beds and 1.5 baths on main floor.




**SEAFAIR**
**8931 Fairdell Place**

Seafair Gem! Super cute & charming family home w/ 3 bedrooms, 2 full baths, enclosed sunroom, storage/den & large bright games / family room down.

For All Listings Visit: WWW.RELIANCEREALESTATE.CA

21/10

THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# ਮੋਦੀ ਕਿਵੇਂ ਚਲਾਉਣਗੇ ਇਸ ਵਾਰ ਗੱਠਜੋੜ ਦੀ ਸਰਕਾਰ

ਮੋਦੀ 3.0 ਇਸ ਵਾਰ ਗੱਠਜੋੜ ਸਰਕਾਰ ਬਣ ਗਈ ਹੈ। ਯਕੀਨੀ ਤੌਰ ’ਤੇ ਭਾਜਪਾ ਇਕੱਲੀ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਅਤੇ ਉਸ ਨੂੰ 240 ਸੀਟਾਂ ਮਿਲੀਆਂ ਪਰ ਗੱਠਜੋੜ ਦੀਆਂ ਸਹਿਯੋਗੀ ਪਾਰਟੀਆਂ ਦੇ ਨਾਲ ਉਸ ਨੂੰ ਕੁਲ 293 ਸੀਟਾਂ ਮਿਲੀਆਂ। ਮੋਦੀ ਨੇ ਆਪਣੇ ਤੀਜੇ ਕਾਰਜਕਾਲ ’ਚ ਮੰਤਰੀ ਮੰਡਲ ’ਚ 72 ਮੰਤਰੀ ਸ਼ਾਮਲ ਕੀਤੇ, ਜਿਸ ’ਚ ਆਪਣੀਆਂ ਸ਼ਰਤਾਂ ’ਤੇ ਮੋਦੀ ਦੀ ਛਾਪ ਹੈ ਅਤੇ ਸਭ ਤੋਂ ਵੱਧ ਲਾਭ ਭਾਜਪਾ ਨੂੰ ਮਿਲਿਆ।

ਵੋਟਰਾਂ ਨੇ ਇਸ ਗੱਲ ਨੂੰ ਸਪੱਸ਼ਟ ਦਰਸਾਇਆ ਕਿ ਉਹ ਇਕ ਜਵਾਬਦੇਹ ਸਰਕਾਰ ਚਾਹੁੰਦੇ ਹਨ। ਨਾਲ ਹੀ ਉਹ ਇਕ ਮਜ਼ਬੂਤ ਵਿਰੋਧੀ ਧਿਰ ਵੀ ਚਾਹੁੰਦੇ ਹਨ ਅਤੇ ਇਕ ਦੇ ਬਿਨਾਂ ਦੂਜਾ ਸੰਭਵ ਨਹੀਂ। ਚੋਣਾਂ ਵੱਡੇ-ਵੱਡੇ ਮਹਾਰਥੀ ਸਿਆਸੀ ਆਗੂਆਂ ਨੂੰ ਬੁਰੀ ਤਰ੍ਹਾਂ ਹਰਾ ਦਿੰਦੀਆਂ ਹਨ। ਹਾਲ ਹੀ ’ਚ ਮੋਦੀ ਨੇ ਕਿਹਾ ਕਿ ਮੈਨੂੰ ਯਕੀਨ ਹੈ ਕਿ ਪ੍ਰਮਾਤਮਾ ਨੇ ਮੈਨੂੰ ਇਕ ਮਕਸਦ ਲਈ ਭੇਜਿਆ ਹੈ। ਉਨ੍ਹਾਂ ਨੇ ਆਪਣੇ ਪੱਤੇ ਨਹੀਂ ਖੋਲ੍ਹੇ ਤੇ ਕਿਹਾ ਕਿ ਇਹ ਉਨ੍ਹਾਂ ਨੂੰ ਕੰਮ ਕਰਨ ਲਈ ਪ੍ਰੇਰਿਤ ਕਰਦੇ ਹਨ ਪਰ ਨਤੀਜਿਆਂ ਨੇ ਦੱਸ ਦਿੱਤਾ ਕਿ ਮੋਦੀ ਇਕ ਸਾਧਾਰਨ ਪ੍ਰਾਣੀ ਸਿਆਸਤਦਾਨ ਹਨ, ਹਾਲਾਂਕਿ ਉਹ ਪ੍ਰਤਿਭਾਵਾਨ ਅਤੇ ਸਫਲ ਸਿਆਸੀ ਆਗੂ ਹਨ ਜੋ ਆਮ ਚਾਹ ਵਾਲੇ ਤੋਂ ਉੱਠ ਕੇ 3 ਵਾਰ ਅਸਧਾਰਣ ਪ੍ਰਧਾਨ ਮੰਤਰੀ ਬਣ ਗਏ।

ਸਵਾਲ ਉੱਠਦਾ ਹੈ ਕਿ ਕੀ ਮੋਦੀ ਇਸ ਗੱਠਜੋੜ ਨੂੰ ਸਫਲਤਾਪੂਰਵਕ ਚਲਾ ਸਕਣਗੇ? ਕੀ ਉਨ੍ਹਾਂ ਦੀ ਸਰਕਾਰ ਮਜ਼ਬੂਤ ਅਤੇ ਸਥਿਰ ਹੋਵੇਗੀ ਅਤੇ ਕੀ ਉਨ੍ਹਾਂ ਦਾ ਫੈਸਲਾ ਕਰਨ ਦੀ ਸਮਰੱਥਾ ਪ੍ਰਭਾਵਿਤ ਹੋਵੇਗੀ? ਕੀ ਉਨ੍ਹਾਂ ਦੇ ਇਸ ਕਾਰਜਕਾਲ ਨੂੰ 40 ਸੰਸਦ ਮੈਂਬਰਾਂ ਨਾਲ ਗੱਠਜੋੜ ਦੀਆਂ 15 ਸਹਿਯੋਗੀ ਪਾਰਟੀਆਂ ਪ੍ਰਭਾਵਿਤ ਕਰਨਗੀਆਂ ਜਾਂ ਉਹ ਪਹਿਲਾਂ ਵਾਂਗ ਦ੍ਰਿੜ੍ਹ ਨਿਸ਼ਚੈ ਨਾਲ ਫੈਸਲਾ ਲੈਂਦੇ ਰਹਿਣਗੇ ਅਤੇ ਸਿਆਸਤ ਨੂੰ ਮੁੜ ਪਰਿਭਾਸ਼ਿਤ ਕਰਨਗੇ ਅਤੇ ਨਤੀਜੇ ਦੇਣਗੇ? ਇਤਿਹਾਸ ਦੱਸਦਾ ਹੈ ਕਿ ਵਧੇਰੇ ਗੱਠਜੋੜ ਸਰਕਾਰਾਂ ਸਹਿਯੋਗੀ ਪਾਰਟੀਆਂ ਵੱਲੋਂ ਪ੍ਰਭਾਵਿਤ ਹੁੰਦੀਆਂ ਹਨ। ਖਾਸ ਕਰ ਕੇ ਉਦੋਂ, ਜਦੋਂ ਨਾਜ਼ੁਕ ਸਮੇਂ ’ਚ ਉਨ੍ਹਾਂ ਦਾ ਸਮਰਥਨ ਮੰਗਿਆ ਜਾਂਦਾ ਹੈ।



ਚਾਰ ਵਾਰ ਗੁਜਰਾਤ ਦੇ ਮੁੱਖ ਮੰਤਰੀ ਅਤੇ ਦੋ ਵਾਰ ਪ੍ਰਧਾਨ ਮੰਤਰੀ ਵਜੋਂ ਮੋਦੀ ਦੇ ਕਾਰਜਕਾਲ ਨੂੰ ਦੇਖਦੇ ਹੋਏ ਸਪੱਸ਼ਟ ਹੈ ਕਿ ਉਨ੍ਹਾਂ ਨੇ ਹਰ ਵਾਰ ਮੁਕੰਮਲ ਬਹੁਮਤ ਹਾਸਲ ਕੀਤਾ ਅਤੇ ਆਪਣੀ ਪੂਰੀ ਸ਼ਕਤੀ ਨਾਲ ਰਾਜ ਕੀਤਾ ਅਤੇ ਉਨ੍ਹਾਂ ਦਾ ਪਹਿਲਾ ਤਜਰਬਾ ਹੈ ਜਦੋਂ ਉਹ ਕਿਸੇ ਹੋਰ ਦੇ ਸਮਰਥਨ ਦੇ ਸਹਾਰੇ ਸਰਕਾਰ ਚਲਾਉਣਗੇ। ਮੋਦੀ ਨੇ ਨਵੀਂ ਭਾਸ਼ਾ ਦੀ ਵਰਤੋਂ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਚਲਾਉਣ ਲਈ ਬਹੁਮਤ ਜ਼ਰੂਰੀ ਹੈ ਤਾਂ ਦੇਸ਼ ਚਲਾਉਣ ਲਈ ਸਰਵਮਤ ਜ਼ਰੂਰੀ ਹੈ। ਉਨ੍ਹਾਂ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਕੇਂਦਰ ਲਈ ਜ਼ਰੂਰੀ ਹੈ ਕਿ ਉਹ ਸੂਬਿਆਂ ਖਾਸ ਕਰ ਕੇ ਸਹਿਯੋਗੀ ਪਾਰਟੀਆਂ ਨਾਲ ਅੱਗੇ ਵਧੇ। ਜਦ (ਯੂ) ਦੇ ਨਿਤੀਸ਼ ਅਤੇ ਤੇਦੇਪਾ ਦੇ ਨਾਇਡੂ ਤਜਰਬੇਕਾਰ, ਘਾਗ ਅਤੇ ਲਗਾਤਾਰ ਮੰਗ ਕਰਨ ਵਾਲੇ ਸਿਆਸੀ ਆਗੂ ਹਨ ਅਤੇ ਉਹ ਹਮੇਸ਼ਾ ਗੱਠਜੋੜ ਨੂੰ ਆਪਣੀ ਮਰਜ਼ੀ ਨਾਲ ਚਲਾਉਣ ’ਚ ਮਾਹਿਰ ਹਨ। ਉਨ੍ਹਾਂ ਨੇ ਪਹਿਲਾਂ ਵੀ ਭਾਜਪਾ ਦਾ ਸਾਥ ਛੱਡਿਆ ਹੈ ਪਰ ਨੇੜ ਭਵਿੱਖ ’ਚ ਮੋਦੀ ਦਾ ਸਾਥ ਛੱਡਣ ਲਈ ਉਨ੍ਹਾਂ ਕੋਲ ਕੋਈ ਬਦਲ ਨਹੀਂ ਹੈ। ਸਰਕਾਰ ਦੀ ਸਥਿਤੀ ਸਿਰਫ ਉਦੋਂ ਚਿੰਤਾ ਦਾ ਕਾਰਨ ਬਣਦੀ ਹੈ ਜਦੋਂ ਸਰਕਾਰ ਕੋਈ ਵੱਡਾ ਫੈਸਲਾ ਲੈਂਦੀ ਹੈ ਅਤੇ ਮੋਦੀ ਨੇ ਆਪਣੇ ਤੀਜੇ ਕਾਰਜਕਾਲ ’ਚ ਪਹਿਲਾਂ ਹੀ ਇਸ ਦਾ ਸੰਕੇਤ ਦੇ ਦਿੱਤਾ ਹੈ।

ਇਹ ਗੱਲ ਕਿਸੇ ਤੋਂ ਨਹੀਂ ਲੁਕੀ ਹੈ ਕਿ ਆਪਣੇ 5 ਦਹਾਕਿਆਂ ਤੋਂ ਵੱਧ ਸਮੇਂ ਦੀ ਸਿਆਸੀ ਜ਼ਿੰਦਗੀ ’ਚ ਮੋਦੀ ਕਦੀ ਵੀ ਟੀਮ ਦੇ ਖਿਡਾਰੀ ਵਜੋਂ ਨਹੀਂ ਰਹੇ। ਹਾਲਾਂਕਿ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਨਾਲ ਉਨ੍ਹਾਂ ਨੇ ਨਹਿਰੂ ਦੇ ਰਿਕਾਰਡ ਦੀ ਬਰਾਬਰੀ ਕਰ ਲਈ।

ਭਾਜਪਾ ਵਾਲੀ ਰਾਜਗ ਨੇ ਆਪਣੀ ਨਵੀਂ ਪਾਰੀ ਸ਼ੁਰੂ ਕਰ ਦਿੱਤੀ ਹੈ ਅਤੇ ਨਮੋ ਦੇ ਲਈ ਸਭ ਤੋਂ ਵੱਡੀ ਚੁਣੌਤੀ ਉਨ੍ਹਾਂ ਦੇ ਇਕੱਲਿਆਂ ਚੱਲਣ ਅਤੇ ਤਾਨਾਸ਼ਾਹੀ ਦਰਮਿਆਨ ਸੰਤੁਲਨ ਬਣਾਉਣਾ ਹੋਵੇਗਾ। ਵਿਹਾਰਕਤਾ ਦੇ ਆਧਾਰ ’ਤੇ ਗੱਠਜੋੜ ਦੇ ਨਾਲ ਤਾਲਮੇਲ ਕਰਨਾ ਹੋਵੇਗਾ ਅਤੇ ਇਸ ਗੱਲ ਦਾ ਸਬੂਤ ਉਹ ਪ੍ਰਧਾਨ ਮੰਤਰੀ ਦੇ ਰੂਪ ’ਚ ਪਹਿਲਾਂ ਹੀ ਦੇ ਚੁੱਕੇ ਹਨ ਜਦੋਂ ਉਨ੍ਹਾਂ ਵੱਲੋਂ ਲਏ ਗਏ ਫੈਸਲਿਆਂ, ਖੇਤੀ ਕਾਨੂੰਨਾਂ ਤੇ ਭੂ-ਪ੍ਰਾਪਤੀ ਬਾਰੇ ਅੜਚਣਾਂ ਆਈਆਂ ਤਾਂ ਉਨ੍ਹਾਂ ਨੇ ਆਪਣੇ ਫੈਸਲੇ ਵਾਪਸ ਲੈ ਲਏ। ਇਸ ਦੇ ਇਲਾਵਾ ਇਹ ਦੇਖਣਾ ਹੈ ਕਿ ਕੀ ਮੋਦੀ ਆਪਣੇ ਗੱਠਜੋੜ ਦੇ ਸਹਿਯੋਗੀ ਮੰਤਰੀਆਂ ਨੂੰ ਉਚਿਤ ਸਥਾਨ ਦੇਣਗੇ ਕਿਉਂਕਿ ਮੌਜੂਦਾ ਸਮੇਂ ’ਚ ਸ਼ਾਸਨ ਅਤੇ ਫੈਸਲੇ ਦੇਣ ਦੀ ਪ੍ਰਕਿਰਿਆ ਬਾਰੇ ਸਭ ਦਾ ਫੈਸਲਾ ਪ੍ਰਧਾਨ ਮੰਤਰੀ ਦਫਤਰ ਵੱਲੋਂ ਕੀਤਾ ਜਾਂਦਾ ਹੈ।

ਹੁਣ ਭਾਜਪਾ ਨਾਲ ਅਜਿਹੇ ਸਹਿਯੋਗੀ ਹਨ ਜਿਨ੍ਹਾਂ ਨੂੰ ਧਾਰਮਿਕ ਆਧਾਰ ’ਤੇ ਧਰੁਵੀਕਰਨ ਤੋਂ ਸਮੱਸਿਆ ਹੁੰਦੀ ਹੈ ਜਿਸ ਨਾਲ ਉਨ੍ਹਾਂ ਦਾ ਲੋਕ ਆਧਾਰ ਖਿਸਕ ਸਕਦਾ ਹੈ ਅਤੇ ਇਸ ਸੰਦਰਭ ’ਚ ਮੋਦੀ ਦੀ ਰਾਹ ਔਖਾ ਹੋਵੇਗੀ। ਪ੍ਰਧਾਨ ਮੰਤਰੀ ਨੂੰ ਵਿਆਪਕ ਸਲਾਹ ਕਰਨੀ ਹੋਵੇਗੀ, ਜਿਸ ਦੇ ਲਈ ਮੰਗ ਤੇ ਤਾਲਮੇਲ ਜ਼ਰੂਰੀ ਹੈ ਅਤੇ ਗੱਠਜੋੜ ਸਿਆਸਤ ਦੀਆਂ ਮਜਬੂਰੀਆਂ ਸਰਕਾਰ ’ਚ ਸੰਤੁਲਨ ਅਤੇ ਕੰਟ੍ਰੋਲ ਦੇ ਇਕ ਤੰਤਰ ਵਜੋਂ ਕਾਰਜ ਕਰ ਸਕਦੀਆਂ ਹਨ ਪਰ ਇਸ ਨਾਲ ਨੀਤੀਆਂ ਵੀ ਪ੍ਰਭਾਵਿਤ ਹੋ ਸਕਦੀਆਂ ਹਨ। ਸ਼ਾਸਨ ਦਾ ਮੂਲ ਆਧਾਰ ਸਹਿਮਤੀ ਬਣਾਉਣਾ ਹੈ, ਹਾਲਾਂਕਿ ਪ੍ਰਧਾਨ ਮੰਤਰੀ ਵਜੋਂ ਆਪਣੇ ਦੋ ਕਾਰਜਕਾਲਾਂ ’ਚ ਮੋਦੀ ਨੇ ਗੱਠਜੋੜ ਸਿਆਸਤ ਦੀ ਔਖੀ ਰਾਹ ’ਤੇ ਕਦੀ ਗੱਲ ਨਹੀਂ ਕੀਤੀ।

ਭਾਜਪਾ ਨੂੰ ਆਪਣੇ ਵਿਸਥਾਰ ਦੀਆਂ ਯੋਜਨਾਵਾਂ ਨੂੰ ਮੁੜ ਨਿਰਧਾਰਿਤ ਕਰਨਾ ਹੋਵੇਗਾ ਕਿਉਂਕਿ ਉਸ ਨੇ ਆਪਣੇ ਸਹਿਯੋਗੀਆਂ ਨਾਲ ਅੱਗੇ ਵਧਣਾ ਹੈ ਤਾਂ ਕਿ ਸਰਕਾਰ ਸੁਚਾਰੂ ਢੰਗ ਨਾਲ ਚੱਲੇ। ਉਸ ਦੇ ਕੁਝ ਵਿਵਾਦਿਤ ਮੁੱਦਿਆਂ ਨੂੰ ਫਿਲਹਾਲ ਠੰਢੇ ਬਸਤੇ ’ਚ ਪਾਉਣਾ ਹੋਵੇਗਾ। ਤੇਦੇਪਾ ਨੇ ਪਹਿਲਾਂ ਹੀ ਕੁਝ ਸੂਬਿਆਂ ’ਚ ਮੁਸਲਿਮ ਰਾਖਵੇਂਕਰਨ ਨੂੰ ਖਤਮ ਕਰਨ ਅਤੇ ਭਾਜਪਾ ਦੇ ਵਾਅਦੇ ਅਨੁਸਾਰ ਇਕਸਾਰ ਨਾਗਰਿਕ ਜ਼ਾਬਤੇ ਨੂੰ ਲਾਗੂ ਕਰਨ ਬਾਰੇ ਆਪਣਾ ਇਤਰਾਜ਼ ਪ੍ਰਗਟ ਕੀਤਾ ਹੈ। ਜਦ (ਯੂ) ਅਗਨੀਵੀਰ ਯੋਜਨਾ ਬਾਰੇ ਚਿੰਤਤ ਹੈ।

ਸਰਕਾਰ ਦੇ ਸਾਹਮਣੇ ਵੰਗਾਰ ਅਸਲੀ ਨੀਤੀਗਤ ਚਿੰਤਾਵਾਂ ਨੂੰ ਦਬਾਅ ਦੀ ਨੀਤੀ ਤੋਂ ਵੱਖਰਾ ਕਰਨਾ ਅਤੇ ਉਨ੍ਹਾਂ ਦੇ ਅਨੁਸਾਰ ਕੰਮ ਕਰਨਾ ਹੈ। ਇਸ ਸੰਦਰਭ ’ਚ ਵਾਜਪਾਈ ਤੋਂ ਪ੍ਰੇਰਣਾ ਲੈ ਸਕਦੇ ਹੋ, ਜਿਨ੍ਹਾਂ ਨੇ 1999 ਤੋਂ 2004 ਤੱਕ ਰਾਜਗ ਦੀ ਗੱਠਜੋੜ ਸਰਕਾਰ ਚਲਾਈ ਅਤੇ ਉਸ ਦੇ ਲਈ ਵਿਵਾਦਿਤ ਮੁੱਦਿਆਂ ਨੂੰ ਵੱਖਰਾ ਰੱਖਿਆ ਅਤੇ ਸਹਿਯੋਗੀ ਪਾਰਟੀਆਂ ਦੀ ਸਹਿਮਤੀ ਦੇ ਆਧਾਰ ’ਤੇ ਸ਼ਾਸਨ ਦੀਆਂ ਨੀਤੀਆਂ ਬਣਾਈਆਂ। ਗੱਠਜੋੜ ਪ੍ਰਬੰਧਨ ਤੰਤਰ ਨੂੰ ਸੰਸਥਾਗਤ ਬਣਾਉਣ ਨਾਲ ਸਰਕਾਰ ਵਿਕਾਸ ਨੂੰ ਅੱਗੇ ਵਧਾ ਸਕਦੀ ਹੈ ਅਤੇ ਬੇਰੋਜ਼ਗਾਰੀ, ਮਹਿੰਗਾਈ ਆਦਿ ਵਰਗੇ ਔਖੇ ਮੁੱਦਿਆਂ ਦਾ ਨਿਪਟਾਰਾ ਕਰ ਸਕਦੀ ਹੈ ਜਿਨ੍ਹਾਂ ਤੋਂ ਸਾਰਾ ਦੇਸ਼ ਪ੍ਰਭਾਵਿਤ ਹੈ ਅਤੇ ਇਨ੍ਹਾਂ ਤੋਂ ਰਾਜਗ, ਖਾਸ ਕਰ ਕੇ ਭਾਜਪਾ ਨੂੰ ਨੁਕਸਾਨ ਹੋ ਸਕਦਾ ਹੈ।

ਮੋਦੀ ਨੂੰ ਰਾਸ਼ਟਰੀ ਸਵੈਮਸੇਵਕ ਸੰਘ ਦਾ ਭਰੋਸਾ ਵੀ ਜਿੱਤਣਾ ਹੋਵੇਗਾ ਖਾਸ ਕਰ ਕੇ ਪਾਰਟੀ ਪ੍ਰਧਾਨ ਨੱਡਾ ਵੱਲੋਂ ਇਹ ਵਿਵਾਦਿਤ ਬਿਆਨ ਦੇਣ ਦੇ ਬਾਅਦ ਕਿ ਪਾਰਟੀ ਹੁਣ ਸਮਰੱਥ ਬਣ ਗਈ ਹੈ ਤੇ ਹੁਣ ਉਹ ਸੰਘ ’ਤੇ ਨਿਰਭਰ ਨਹੀਂ ਹੈ ਅਤੇ ਇਸ ਬਾਰੇ ਕਈ ਗੱਲਾਂ ਬਣਾਈਆਂ ਜਾ ਰਹੀਆਂ ਹਨ ਕਿ ਕਿਸ ਤਰ੍ਹਾਂ ਸੰਘ ਨੇ ਭਾਜਪਾ ਦੇ ਚੋਣ ਪ੍ਰਚਾਰ ’ਚ ਸਹਿਯੋਗ ਨਾ ਕਰ ਕੇ ਆਪਣਾ ਗੁੱਸਾ ਪ੍ਰਗਟ ਕੀਤਾ। ਮੋਦੀ ਨੂੰ ਚੋਣ ਨਤੀਜਿਆਂ ਬਾਰੇ ਵਿਚਾਰ ਕਰਨਾ ਹੋਵੇਗਾ ਤਾਂ ਕਿ ਉਹ ਇਕ ਨਵੀਂ ਸ਼ੁਰੂਆਤ ਕਰ ਸਕਣ ਅਤੇ ਇਕ ਅਜਿਹੇ ਨੇਤਾ ਦਾ ਆਪਣਾ ਅਕਸ ਬਹਾਲ ਕਰਨਾ ਹੋਵੇਗਾ ਜੋ ਕਦੀ ਚੋਣਾਂ ਨਹੀਂ ਹਾਰਿਆ।

ਮਹਾਰਾਸ਼ਟਰ, ਹਰਿਆਣਾ ਅਤੇ ਝਾਰਖੰਡ ’ਚ ਚੋਣਾਂ ਹੋਣ ਵਾਲੀਆਂ ਹਨ ਅਤੇ ਅਗਲੇ ਸਾਲ ਬਿਹਾਰ ’ਚ ਚੋਣਾਂ ਹੋਣੀਆਂ ਹਨ ਜਿੱਥੇ ਭਾਜਪਾ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ। ਬਿਨਾਂ ਸ਼ੱਕ ਮੋਦੀ ਦਾ ਕੰਮ ਔਖਾ ਹੈ, ਉਨ੍ਹਾਂ ’ਤੇ ਬਹੁਤ ਜ਼ਿਆਦਾ ਬੋਝ ਹੈ ਅਤੇ ਉਨ੍ਹਾਂ ਤੋਂ ਬਹੁਤ ਸਾਰੀਆਂ ਆਸਾਂ ਹਨ। ਉਨ੍ਹਾਂ ਦਾ ਟ੍ਰੈਕ ਰਿਕਾਰਡ ਦੱਸਦਾ ਹੈ ਕਿ ਉਨ੍ਹਾਂ ਨੇ ਅਕਸਰ ਸਿਆਸੀ ਮੁਲਾਂਕਣ ਅਤੇ ਖਾਹਿਸ਼ਾਂ ਨੂੰ ਗਲਤ ਸਾਬਤ ਕੀਤਾ। ਆਪਣੀ ਮਰਜ਼ੀ ਦੇ ਮਾਲਕ ਹੋਣ ਕਾਰਨ ਸਮੂਹਿਕ ਤੌਰ ’ਤੇ ਕਾਰਜ ਕਰਨਾ ਸੌਖਾ ਨਹੀਂ ਹੋਵੇਗਾ। ਉਨ੍ਹਾਂ ਨੂੰ ਗੱਠਜੋੜ ਸਰਕਾਰ ਨੂੰ ਚਲਾਉਣ ਦਾ ਤਜਰਬਾ ਲੈਣਾ ਹੋਵੇਗਾ ਅਤੇ ਜਾਪਦਾ ਹੈ ਕਿ ਉਹ ਇਸ ਕਲਾ ਨੂੰ ਸਿੱਖਣ ’ਚ ਵੱਧ ਸਮਾਂ ਨਹੀਂ ਲੈਣਗੇ।

ਇਕ ਨੇਤਾ ਵਜੋਂ ਜੋ ਆਮ ਸਹਿਮਤੀ ਬਣਾਉਣ ਦੀ ਗੱਲ ਕਰਦੇ ਹਨ, ਉਹ ਹਮੇਸ਼ਾ ਵਿਆਪਕ ਵਿਚਾਰ-ਵਟਾਂਦਰੇ ਦੀ ਇਜਾਜ਼ਤ ਦੇਣਗੇ ਅਤੇ ਆਲੋਚਨਾ ਨੂੰ ਪ੍ਰਵਾਨ ਕਰਨਗੇ ਅਤੇ ਹਿੰਦੂਵਾਦੀ ਤੱਤਾਂ ’ਤੇ ਰੋਕ ਲਗਾਉਣਗੇ ਅਤੇ ਨਾਲ ਹੀ ਧਾਰਮਿਕ ਘੱਟਗਿਣਤੀਆਂ ’ਤੇ ਫਿਰਕੂ ਹਮਲਿਆਂ ਵਿਰੁੱਧ ਕਾਰਵਾਈ ਕਰਨਗੇ। ਇਸ ਦੇ ਇਲਾਵਾ ਭਵਿੱਖ ’ਚ ਦਲ-ਬਦਲ ਅਤੇ ਮੁੜ ਚੁਣੀ ਲੋਕ ਸਭਾ ’ਚ ਭਾਜਪਾ ਦੇ ਪੱਖ ’ਚ ਸੱਤਾ ਸੰਤੁਲਨ ਨੂੰ ਬਦਲ ਸਕਦੀ ਹੈ। ਜੇਕਰ ਉਹ ਸਫਲ ਅਤੇ ਪ੍ਰੀਖਿਅਤ ਰਾਜਗ ਗੱਠਜੋੜ ਨੂੰ ਇਕੱਠਿਆਂ ਰੱਖਣ ’ਚ ਸਫਲ ਹੋਏ ਤਾਂ ਫਿਰ ਉਨ੍ਹਾਂ ਦਾ ਕਾਰਜਕਾਲ ਵੀ ਖੁਸ਼ਹਾਲ ਹੋਵੇਗਾ ਪਰ ਇਹ ਸਭ ਕੁਝ ਸਮਾਂ ਹੀ ਦੱਸੇਗਾ।

**ਪੂਨਮ ਆਈ. ਕੌਸ਼ਿਸ਼**

# ਵੈਨਕੂਵਰ ਦੀ ਪੰਜਾਬਣ ਡਾ. ਨਿੱਝਰ ਨੂੰ ਮਿਲਿਆ ਵੱਕਾਰੀ ਸਨਮਾਨ



**ਵੈਨਕੂਵਰ**: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ’ਚ ਡਾਕਟਰਾਂ ਦੀ ਹੌਸਲਾ ਅਫ਼ਜ਼ਾਈ ਕਰਨ ਵਾਲੀ ਸੰਸਥਾ ਬੀ. ਸੀ. ਕਾਲਜ ਆਫ਼ ਫੈਮਿਲੀ ਫਜੀਸੀਅਨਜ਼ ਆਫ਼ ਕੈਨੇਡਾ ਵਲੋਂ ‘ਮਾਈ ਫੈਮਿਲੀ ਡਾਕਟਰ ਐਵਾਰਡ 2024’ ਦੇ ਜੇਤੂਆਂ ਦਾ ਐਲਾਨ ਕਰ ਦਿੱਤਾ ਹੈ ਸੰਸਥਾ ਵਲੋਂ ਇਹ ਵੱਕਾਰੀ ਸਨਮਾਨ ਸੂਬੇ ਦੇ 5 ਡਾਕਟਰਾਂ ਨੂੰ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਡਾ. ਪ੍ਰਵਜੋਤ ਕੌਰ ਨਿੱਝਰ ਇਹ ਸਨਮਾਨ ਪ੍ਰਾਪਤ ਕਰਨ ਵਾਲੀ ਇਕੋ-ਇਕ ਪੰਜਾਬਣ ਡਾਕਟਰ ਹੈ ਞ ਸੂਬੇ ਦੇ 6 ਹਜ਼ਾਰ ਡਾਕਟਰਾਂ ਤੇ ਮੈਡੀਕਲ ਵਿਦਿਆਰਥੀਆਂ ਦਾ ਮੈਂਬਰਸ਼ਿਪ ਵਾਲੀ ਸੰਸਥਾ ਬੀ. ਸੀ. ਕਾਲਜ ਆਫ਼ ਫ਼ੈਮਿਲੀ ਫਿਜ਼ੀਸ਼ੀਅਨਜ਼ ਵਲੋਂ ਇਹ ਸਨਮਾਨ ਉਨ੍ਹਾਂ ਡਾਕਟਰਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਦੇ ਮਰੀਜ਼ ਉਸ ਡਾਕਟਰ ਦੀਆਂ ਸੇਵਾਵਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੋਣ ‘ਤੇ ਡਾਕਟਰ ਦਾ ਮਰੀਜ਼ ਪ੍ਰਤੀ ਪਾਰਦਰਸ਼ੀ ਤੇ ਵਧੀਆ ਵਿਵਹਾਰ ਹੋਵੇ। ਡਾ. ਪ੍ਰਵਜੋਤ ਕੌਰ ਦਾ ਜਨਮ ਪੰਜਾਬ ‘ਚ ਹੋਇਆ, ਪਰ ਉਹ 2 ਸਾਲ ਦੀ ਉਮਰ ‘ਚ ਆਪਣੇ ਮਾਤਾ-ਪਿਤਾ ਨਾਲ ਕੈਨੇਡਾ ਆ ਗਈ। ਸਕੂਲੀ ਪੜ੍ਹਾਈ ਕਰਨ ਉਪਰੰਤ ਉਸ ਨੇ ਵੈਨਕੂਵਰ ਦੀ ਯੂਨੀਵਰਸਿਟੀ ਆਫ਼ ਬਿਰਟਿਸ਼ ਕੋਲੰਬੀਆ ਤੋਂ ਡਾਕਟਰੀ ਦੀ ਪੜ੍ਹਾਈ ਕੀਤੀ। ਡਾ. ਪ੍ਰਵਜੋਤ ਕੌਰ ਨਿੱਜਰ ਬੀਤੇ 21 ਸਾਲ ਤੋਂ ਬਰਨਬੀ ਦੇ ਪ੍ਰਾਈਮ ਕੇਅਰ ਮੈਡੀਕਲ ਸੈਂਟਰ ਵਿਖੇ ਫੈਮਿਲੀ ਫਿਜ਼ੀਸ਼ੀਅਨ ਵਜੋਂ ਸੇਵਾਵਾਂ ਨਿਭਾ ਰਹੀ ਹੈ।

# ਰਵਨੀਤ ਬਿੱਟੂ ਹੈ ਭਾਰਤੀ ਜਨਤਾ ਪਾਰਟੀ ਦਾ ਭਵਿੱਖ?



ਪ੍ਰਧਾਨ ਮੰਤਰੀ ਤੇ ਭਾਰਤੀ ਜਨਤਾ ਪਾਰਟੀ ਦੇ ਰਣਨੀਤੀਕਾਰਾਂ ਨੇ ਪੰਜਾਬ ਵਿੱਚੋਂ ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਮੰਤਰੀ ਮੰਡਲ ਵਿਚ ਰਾਜ ਮੰਤਰੀ ਬਣਾ ਕੇ ਪੰਜਾਬੀਆਂ ਨੂੰ ਸੰਕੇਤ ਦਿੱਤਾ ਹੈ ਕਿ ਪਾਰਟੀ 2027 ਦੀਆਂ ਚੋਣਾਂ ਜਿੱਤਣ ਲਈ ਸੰਜੀਦਾ ਹੈ। ਭਾਰਤੀ ਜਨਤਾ ਪਾਰਟੀ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਅਤੇ ਸਦਭਾਵਨਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਸੀਨੀਅਰ ਨੇਤਾਵਾਂ ਦੇ ਨਾਲ-ਨਾਲ ਨੌਜਵਾਨਾਂ ਦੀ ਸ਼ਕਤੀ ਨੂੰ ਮਹੱਤਤਾ ਦੇਣ ਲਈ ਬਿੱਟੂ ਨੂੰ ਅੱਗੇ ਕੀਤਾ ਹੈ।

ਬਿੱਟੂ ਵੱਖਵਾਦੀ ਸ਼ਕਤੀਆਂ ਦਾ ਕੱਟੜ ਵਿਰੋਧੀ ਹੈ। ਪੰਜਾਬ ਵਰਗੇ ਸਰਹੱਦੀ ਸੂਬੇ ਲਈ ਬਿੱਟੂ ਵਰਗੇ ਸਿਆਸਤਦਾਨ ਹੀ ਵਿਦੇਸ਼ੀ ਤਾਕਤਾਂ ਦੇ ਮਨਸੂਬਿਆਂ ਨੂੰ ਠੱਲ੍ਹ ਪਾ ਸਕਦੇ ਹਨ। ਪੰਜਾਬ ਵਿੱਚੋਂ ਦੋ ਸੀਟਾਂ ਖਡੂਰ ਸਾਹਿਬ ਤੇ ਫਰੀਦਕੋਟ ਤੋਂ ਤਥਾ ਕਥਿਤ ਗਰਮ ਖਿਆਲੀਆਂ ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਜੋ ਨੈਸ਼ਨਲ ਸਕਿਉਰਿਟੀ ਐਕਟ ਅਧੀਨ ਡਿਬਰੂਗੜ੍ਹ ਜੇਲ੍ਹ ਅਸਾਮ ਵਿਚ ਬੰਦ ਹਨ ਅਤੇ ਭਾਈ ਸਰਬਜੀਤ ਸਿੰਘ ਇੰਦਰਾ ਗਾਂਧੀ ਦੇ ਕਾਤਲ ਬੇਅੰਤ ਸਿੰਘ ਦਾ ਪੁੱਤਰ ਹੈ, ਉਨ੍ਹਾਂ ਦੇ ਲੋਕ ਸਭਾ ਲਈ ਚੁਣੇ ਜਾਣ ਨੂੰ ਭਾਰਤੀ ਜਨਤਾ ਪਾਰਟੀ ਗਰਮ ਖਿਆਲੀਆਂ ਦਾ ਉਭਾਰ ਸਮਝਦੀ ਹੈ। ਇਸ ਲਈ ਬਿੱਟੂ ਨੂੰ ਸੀਨੀਅਰ ਨੇਤਾਵਾਂ ਦੀ ਬਜਾਏ ਮੰਤਰੀ ਬਣਾਉਣ ਵਿਚ ਪਹਿਲ ਦਿੱਤੀ ਗਈ ਹੈ।

ਬਿੱਟੂ ਵਿੱਚ ਭਾਰਤੀ ਜਨਤਾ ਪਾਰਟੀ ਨੇ ਆਪਣਾ ਭਵਿੱਖ ਵੇਖਿਆ ਹੈ। ਭਾਜਪਾ ਨੂੰ ਉਮੀਦ ਹੈ ਕਿ ਉਹ ਆਪਣੇ ਦਾਦੇ ਦੀ ਤਰ੍ਹਾਂ ਪੰਜਾਬ ਦਾ ਸੁਨਹਿਰੀ ਭਵਿੱਖ ਬਣਾਉਣ ਵਿਚ ਵਰਣਨਯੋਗ ਯੋਗਦਾਨ ਪਾ ਸਕਦਾ ਹੈ। ਉਸ ਦੀ ਅੱਤਵਾਦ ਬਾਰੇ ਸੋਚ ਬਿਲਕੁਲ ਸਪਸ਼ਟ ਹੈ। ਭਾਰਤੀ ਜਨਤਾ ਪਾਰਟੀ ਨੂੰ ਲੋਕ ਸਭਾ ਚੋਣਾਂ ਵਿਚ ਕਿਸਾਨਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ।

ਰਵਨੀਤ ਸਿੰਘ ਬਿੱਟੂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਕਿਸਾਨ ਅੰਦੋਲਨ ਦੌਰਾਨ ਡੇਢ ਸਾਲ ਦਿੱਲੀ ਵਿਖੇ ਜੰਤਰ-ਮੰਤਰ ਦੇ ਫੁੱਟਪਾਥ 'ਤੇ ਬੈਠ ਕੇ ਉਨ੍ਹਾਂ ਦੀ ਹਮਾਇਤ ਕਰਦਾ ਰਿਹਾ। ਇਸ ਲਈ ਭਾਰਤੀ ਜਨਤਾ ਪਾਰਟੀ ਨੂੰ ਉਮੀਦ ਹੈ ਕਿ ਬਿੱਟੂ ਕਿਸਾਨਾਂ ਤੇ ਸਰਕਾਰ ਵਿਚਕਾਰ ਪੁਲ ਦਾ ਕੰਮ ਕਰਨ ਦੇ ਸਮਰੱਥ ਹੈ। ਭਾਜਪਾ ਲਗਾਤਾਰ ਪੰਜਾਬ ਵਿਚ ਆਪਣੇ ਵੋਟ ਬੈਂਕ ਵਿਚ ਵਾਧਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਇਸ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਆਸ ਹੈ ਕਿ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਕਿਸਾਨਾਂ ਤੇ ਸਿੱਖਾਂ ਨੂੰ ਆਪਣੇ ਨਾਲ ਜੋੜਨ ਤੋਂ ਬਿਨਾਂ ਸਰਕਾਰ ਨਹੀਂ ਬਣਾ ਸਕੇਗੀ।

ਇਸ ਮੰਤਵ ਲਈ ਉਸ ਨੇ 2024 ਦੀਆਂ ਲੋਕ ਸਭਾ ਚੋਣਾਂ ਵਿਚ 6 ਸਿੱਖ ਉਮੀਦਵਾਰ ਖੜ੍ਹੇ ਕਰ ਕੇ ਇਹ ਸੰਕੇਤ ਦਿੱਤਾ ਸੀ ਕਿ ਉਹ ਸਿੱਖਾਂ ਨਾਲ ਸਦਭਾਵਨਾ ਕਾਇਮ ਕਰਨਾ ਚਾਹੁੰਦੀ ਹੈ। ਇਨ੍ਹਾਂ 6 ਉਮੀਦਵਾਰਾਂ ਵਿਚ ਪਰਨੀਤ ਕੌਰ, ਤਰਨਜੀਤ ਸਿੰਘ ਸੰਧੂ, ਗੁਰਮੀਤ ਸਿੰਘ ਰਾਣਾ ਸੋਢੀ, ਪਰਮਪਾਲ ਕੌਰ ਸਿੱਧੂ, ਰਵਨੀਤ ਸਿੰਘ ਬਿੱਟੂ ਅਤੇ ਮਨਜੀਤ ਸਿੰਘ ਮੰਨਾ ਸ਼ਾਮਲ ਹਨ। ਭਾਵੇਂ ਇਨ੍ਹਾਂ ਉਮੀਦਵਾਰਾਂ ਵਿੱਚੋਂ ਕੋਈ ਜਿੱਤ ਨਹੀਂ ਸਕਿਆ ਪ੍ਰੰਤੂ ਉਨ੍ਹਾਂ ਦੇ ਉਮੀਦਵਾਰ ਜਿੱਤਣ ਵਾਲਿਆਂ ਤੋਂ ਦੂਜੇ, ਤੀਜੇ ਅਤੇ ਚੌਥੇ ਨੰਬਰ 'ਤੇ ਆਏ ਹਨ। ਅਕਾਲੀ ਦਲ ਨੂੰ ਭਾਰਤੀ ਜਨਤਾ ਪਾਰਟੀ ਨੇ ਪਛਾੜ ਦਿੱਤਾ ਹੈ।

ਬੈਰੂਨੀ ਖ਼ਤਰਿਆਂ ਨਾਲ ਨਿਪਟਣ ਤੋਂ ਬਾਅਦ ਜਦੋਂ ਦੇਸ਼ ਵਿਚ ਅੰਦਰੂਨੀ ਖ਼ਤਰੇ ਪਹਾੜ ਦੀ ਤਰ੍ਹਾਂ ਚੱਟਾਨ ਬਣ ਕੇ ਖੜ੍ਹ ਗਏ ਸਨ ਤਾਂ ਵੀ ਪੰਜਾਬ ਨੇ ਹੀ ਉਨ੍ਹਾਂ ਦਾ ਮੁਕਾਬਲਾ ਕੀਤਾ। ਭਾਵ ਜਦੋਂ ਸਮੁੱਚੇ ਦੇਸ਼ ਵਿਚ ਅੱਤਵਾਦ ਦਾ ਦੌਰ ਸੀ ਜੋ ਠੱਲ੍ਹ ਹੋਣ ਦਾ ਨਾਮ ਨਹੀਂ ਲੈ ਰਿਹਾ ਸੀ ਤੇ ਜਿਸ ਦਾ ਸਭ ਤੋਂ ਜ਼ਿਆਦਾ ਸਰਹੱਦੀ ਸੂਬੇ ਪੰਜਾਬ ਨੂੰ ਨੁਕਸਾਨ ਹੋਇਆ ਸੀ ਤਾਂ ਫਿਰ ਬਿੱਟੂ ਦੇ ਦਾਦਾ ਬੇਅੰਤ ਸਿੰਘ ਨੇ ਸਮੁੱਚੇ ਭਾਰਤੀਆਂ ਦੇ ਜਾਨ-ਮਾਲ ਦੀ ਰੱਖਿਆ ਲਈ ਸ਼ਾਂਤੀ ਸਥਾਪਤ ਕੀਤੀ। ਬੇਅੰਤ ਸਿੰਘ ਦੀ ਵਿਰਾਸਤ ਦਾ ਲਾਹਾ ਲੈਣ ਲਈ ਭਾਜਪਾ ਨੇ ਉਨ੍ਹਾਂ ਦੇ ਪੋਤਰੇ ਬਿੱਟੂ ਨੂੰ ਲੁਧਿਆਣਾ ਤੋਂ ਹਾਰਨ ਦੇ ਬਾਵਜੂਦ ਕੇਂਦਰੀ ਮੰਤਰੀ ਮੰਡਲ 'ਚ ਸ਼ਾਮਲ ਕਰ ਕੇ ਇਕ ਤੀਰ ਨਾਲ ਦੋ ਨਿਸ਼ਾਨੇ ਮਾਰੇ ਹਨ।

ਬਿੱਟੂ ਤਿੰਨ ਵਾਰ ਲੋਕ ਸਭਾ ਦਾ ਮੈਂਬਰ ਤੇ ਲੋਕ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ ਰਿਹਾ ਹੈ। ਉਹ 2008 ਵਿਚ ਪੰਜਾਬ ਯੂਥ ਕਾਂਗਰਸ ਦਾ ਬਾਕਾਇਦਾ ਚੁਣਿਆ ਹੋਇਆ ਪਹਿਲਾ ਪ੍ਰਧਾਨ ਸੀ। ਪੰਜਾਬ ਤੋਂ ਦੋ ਸਿੱਖ ਚਿਹਰੇ ਹਰਦੀਪ ਸਿੰਘ ਪੁਰੀ ਕੈਬਨਿਟ ਮੰਤਰੀ ਤੇ ਬਿੱਟੂ ਰਾਜ ਮੰਤਰੀ ਦੇ ਤੌਰ 'ਤੇ ਲਏ ਗਏ ਹਨ।

**ਉਜਾਗਰ ਸਿੰਘ**

# ਘੜੇ ਦਾ ਪਾਣੀ ਪੀਓ



ਅੱਜ ਵੀ ਗਰਮੀ ਦੇ ਮੌਸਮ ਕਈ ਘਰਾਂ 'ਚ ਮਿੱਟੀ ਦੇ ਬਣੇ ਘੜੇ ਦੇਖਣ ਨੂੰ ਮਿਲਦੇ ਹਨ। ਭਾਰਤ 'ਚ ਘੜੇ 'ਚ ਪਾਣੀ ਰੱਖਣ ਦੀ ਪਰੰਪਰਾ ਪੁਰਾਣੀ ਹੈ। ਕਈ ਤਰ੍ਹਾਂ ਦੇ ਵਾਟਰ ਪਿਊਰੀਫਾਈ ਤੇ ਕੰਟੇਨਰਾਂ ਦੇ ਆਉਣ ਤੋਂ ਬਾਅਦ ਵੀ ਲੋਕ ਘਰਾਂ 'ਚ ਮਿੱਟੀ ਦੇ ਬਰਤਨ ਰੱਖਦੇ ਹਨ।ਮਿੱਟੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਰੱਖਦੀ ਹੈ। ਇਸ 'ਚ ਫ਼ਾਇਦੇਮੰਦ ਖਣਿਜ ਹੁੰਦੇ ਹਨ ਜੋ ਸਰੀਰ ਨੂੰ ਜ਼ਹਿਰੀਲੇ ਤੱਤਾਂ ਤੋਂ ਮੁਕਤ ਕਰਦੇ ਹਨ।

ਗਰਮੀਆਂ 'ਚ ਫਰਿੱਜ ਦਾ ਪਾਣੀ ਪੀਣਾ ਹਰ ਕੋਈ ਪਸੰਦ ਕਰਦਾ ਹੈ ਪਰ ਫਰਿੱਜ ਦਾ ਪਾਣੀ ਪੀਣ ਨਾਲ ਸਾਨੂੰ ਕੁਝ ਸਮੇਂ ਲਈ ਠੰਢਕ ਮਿਲਦੀ ਹੈ ਪਰ ਬਾਅਦ 'ਚ ਬਹੁਤ ਜਲਦੀ ਪਿਆਸ ਲੱਗਦੀ ਹੈ ਤੇ ਇਹ ਗਰਮੀ ਵੀ ਪ੍ਰਦਾਨ ਕਰਦਾ ਹੈ। ਘੜੇ ਦੇ ਪਾਣੀ ਦੀ ਤੁਲਨਾ ਫਰਿੱਜ ਦੇ ਪਾਣੀ ਨਾਲ ਨਹੀਂ ਕੀਤੀ ਜਾ ਸਕਦੀ। ਘੜੇ ਦਾ ਪਾਣੀ ਜਿੱਥੇ ਕਈ ਬਿਮਾਰੀਆਂ ਨੂੰ ਠੀਕ ਕਰਦਾ ਹੈ ਉੱਥੇ ਹੀ ਫਰਿੱਜ ਦਾ ਪਾਣੀ ਕਈ ਬਿਮਾਰੀਆਂ ਨੂੰ ਜਨਮ ਦਿੰਦਾ ਹੈ।ਘੜਾ ਸ਼ੁੱਧ ਮਿੱਟੀ ਦਾ ਬਣਿਆ ਹੁੰਦਾ ਹੈ।

ਇਸ ਲਈ ਘੜੇ ਦਾ ਪਾਣੀ ਸਿਹਤ ਲਈ ਬਹੁਤ ਚੰਗਾ ਹੁੰਦਾ ਹੈ।ਘੜੇ ਦਾ ਪਾਣੀ ਪੀਣ ਨਾਲ ਲੰਬੇ ਸਮੇਂ ਤੱਕ ਪਿਆਸ ਨਹੀਂ ਲੱਗਦੀ ਜਦੋਂਕਿ ਫਰਿੱਜ ਦਾ ਪਾਣੀ ਪੀਣ ਨਾਲ ਉਸੇ ਸਮੇਂ ਪਾਣੀ ਪੀਣ ਦਾ ਅਹਿਸਾਸ ਹੁੰਦਾ ਹੈ। ਘੜੇ ਦਾ ਪਾਣੀ ਪੀਣ ਨਾਲ ਇਮਿਊਨਿਟੀ ਵੀ ਵੱਧਦੀ ਹੈ। ਘੜੇ ਦਾ ਪਾਣੀ ਪੀਣ ਨਾਲ ਪੇਟ 'ਚ ਗੈਸ ਨਹੀਂ ਬਣਦੀ ਅਤੇ ਪਾਚਨ ਸਬੰਧੀ ਸਮੱਸਿਆਵਾਂ ਵੀ ਦੂਰ ਹੁੰਦੀਆਂ ਹਨ। ਮਟਕੇ ਦਾ ਪਾਣੀ ਪੀਣ ਨਾਲ ਸਾਡੇ ਮਟਕਾ ਬਣਾਉਣ ਵਾਲੇ ਭਰਾਵਾਂ ਨੂੰ ਰੁਜ਼ਗਾਰ ਮਿਲਦਾ ਹੈ। ਮਿੱਟੀ ਦੇ ਘੜੇ 'ਚ ਪਾਣੀ ਬਾਹਰਲੇ ਤਾਪਮਾਨ ਦੇ ਹਿਸਾਬ ਨਾਲ ਠੰਢਾ ਰਹਿੰਦਾ ਹੈ। ਜੇ ਬਾਹਰ ਦਾ ਤਾਪਮਾਨ ਬਹੁਤ ਗਰਮ ਹੈ ਤਾਂ ਮਿੱਟੀ ਦੇ ਘੜੇ ਦਾ ਪਾਣੀ ਠੰਢਾ ਹੋਵੇਗਾ ਤੇ ਜੇ ਬਾਹਰ ਦਾ ਤਾਪਮਾਨ ਥੋੜ੍ਹਾ ਘੱਟ ਗਰਮ ਤਾਂ ਪਾਣੀ ਵੀ ਘੱਟ ਗਰਮ ਹੋਵੇਗਾ। ਅਜਿਹੀ ਸਥਿਤੀ 'ਚ ਮਿੱਟੀ ਦੇ ਭਾਂਡੇ 'ਚ ਰੱਖਿਆ ਪਾਣੀ ਸਰੀਰ ਦੇ ਤਾਪਮਾਨ ਦੇ ਹਿਸਾਬ ਨਾਲ ਹਮੇਸ਼ਾ ਠੰਢਾ ਰਹਿੰਦਾ ਹੈ ਤੇ ਇਹੀ ਕਾਰਨ ਹੈ ਕਿ ਮਿੱਟੀ ਦੇ ਭਾਂਡੇ ਦਾ ਠੰਢਾ ਪਾਣੀ ਕਦੇ ਵੀ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ ਮਿੱਟੀ ਦੇ ਘੜੇ ਚ ਪਾਣੀ ਰੱਖਣ ਨਾਲ ਮਿੱਟੀ 'ਚ ਮੌਜੂਦ ਬਹੁਤ ਸਾਰੇ ਖਣਿਜ ਉਸ ਪਾਣੀ 'ਚ ਮਿਲ ਜਾਂਦੇ ਹਨ ਤੇ ਜਦੋਂ ਅਸੀਂ ਉਸ ਪਾਣੀ ਨੂੰ ਪੀਂਦੇ ਹਾਂ ਤਾਂ ਉਹ ਖਣਿਜ ਤੱਤ ਸਾਡੇ ਸਰੀਰ 'ਚ ਪਹੁੰਚ ਕੇ ਸਾਡੇ ਸਰੀਰ ਨੂੰ ਪੋਸ਼ਣ ਦਿੰਦੇ ਹਨ। ਮਿੱਟੀ 'ਚ ਲਗਪਗ 80 ਕਿਸਮ ਦੇ ਖਣਿਜ ਤੱਤ ਵੱਖ-ਵੱਖ ਮਾਤਰਾ 'ਚ ਮੌਜੂਦ ਹੁੰਦੇ ਹਨ। ਇਨ੍ਹਾਂ 'ਚੋਂ ਕਈ ਤੱਤ ਸਾਡੇ ਸਰੀਰ ਲਈ ਫ਼ਾਇਦੇਮੰਦ ਹੁੰਦੇ ਹਨ। ਲੋਕ ਫਰਿੱਜ ਦਾ ਪਾਣੀ ਪੀ ਰਹੇ ਹਨ ਪਰ ਮਿਨਰਲ ਸਪਲੀਮੈਂਟ ਵੀ ਲੈ ਰਹੇ ਹਨ। ਪਹਿਲਾਂ ਅਜਿਹਾ ਨਹੀਂ ਸੀ। ਮਿੱਟੀ ਦਾ ਘੜਾ ਹਰ ਸਾਲ ਬਦਲਿਆ ਜਾਂਦਾ ਸੀ ਤੇ ਕਈ ਵਾਰੀ ਇੱਕ ਸੀਜ਼ਨ 'ਚ ਦੋ ਤਿੰਨ ਘਰਾਂ ਦੀ ਲੋੜ ਪੈਂਦੀ ਸੀ। ਮਿੱਟੀ ਦੇ ਬਰਤਨ ਖ਼ਰੀਦਣ ਦੇ ਦੋਹਰੇ ਫ਼ਾਇਦੇ ਹਨ। ਇਸ ਲਈ ਅੱਜ ਹੀ ਘਰ 'ਚ ਸੁੰਦਰ ਘੜਾ ਲਿਆਓ ਤੇ ਸਿਹਤਮੰਦ ਰਹੋ।

**ਪ੍ਰਿਅੰਕਾ ਸੌਰਭ**

# ਅਲਬਰਟਾ ਦੀ ਮੋਰੇਨ ਝੀਲ ਨੂੰ ਦੁਨੀਆਂ ਦੀ ਸਭਤੋਂ ਖ਼ੂਬਸੂਰਤ ਝੀਲਾਂ ਦੀ ਸੂਚੀ ਵਿਚ ਸ਼ਾਮਿਲ



**ਕੈਲਗਰੀ**: ਅਲਬਰਟਾ ਦੇ ਰਾਕੀ ਪਰਬਤਾਂ ਵਿੱਚ ਸਥਿਤ ਇੱਕ ਝੀਲ ਨੂੰ ਦੁਨੀਆ ਦੀ ਸਭਤੋਂ ਖ਼ੂਬਸੂਰਤ ਝੀਲਾਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਸੂਚੀ ਕਾਂਡੇ ਨਾਸਟ ਟਰੈਵਲਰ ਮੈਗਜ਼ੀਨ ਵਿਚ ਛਾਪੀ ਗਈ ਹੈ।

ਲੇਖ ਵਿੱਚ ਕਿਹਾ ਗਿਆ ਹੈ ਕਿ ਬੈਂਫ ਨੈਸ਼ਨਲ ਪਾਰਕ ਵਿੱਚ ਖ਼ੂਬਸੂਰਤ ਝੀਲਾਂ ਦੀ ਕੋਈ ਕਮੀ ਨਹੀਂ ਹੈ, ਲੇਕਿਨ ਮੋਰੇਨ ਝੀਲ ਸਭ ਤੋਂ ਅਲੱਗ ਹੈ।

ਇਸ ਝੀਲ ਦਾ ਆਕਰਸ਼ਕ ਰੰਗ ਆਸਪਾਸ ਦੇ ਗਲੇਸ਼ੀਅਰਾਂ ਤੋਂ ਆਉਣ ਵਾਲੇ ਖਣਿਜਾਂ ਕਾਰਨ ਹੈ, ਜਿਨ੍ਹਾਂ ਵਿਚੋਂ ਕੁੱਝ ਨੂੰ ਤੁਸੀ ਘਾਟੀ ਦੀ ਦਸ ਚੋਟੀਆਂ 'ਤੇ ਵੇਖ ਸਕਦੇ ਹੋ। 10 ਪਹਾੜਾਂ ਦੀ ਇੱਕ ਕਤਾਰ ਜੋ ਕਦੇ ਕੈਨੇਡੀਅਨ 20 ਡਾਲਰ ਦੇ ਨੋਟ 'ਤੇ ਵਿਖਾਈ ਦਿੰਦੀ ਸੀ।

ਲੇਖ ਵਿੱਚ ਨੇੜਲੇ ਮੋਰੇਨ ਲੇਕ ਲਾਜ਼ ਵਿਚ ਠਹਿਰਣ ਦਾ ਸੁਝਾਅ ਦਿੱਤਾ ਗਿਆ ਹੈ, ਜਿਸ ਵਿੱਚ ਝੀਲ ਦੇ ਸਾਹਮਣੇ ਬਾਲਕਨੀ ਹਨ।

ਮੁਸਾਫਰਾਂ ਕੋਲ ਪਾਰਕ ਕੈਨੇਡਾ ਸ਼ਟਲ ਤੋਂ ਇਲਾਵਾ, ਮੋਰੇਨ ਝੀਲ ਤੱਕ ਪਹੁੰਚਣ ਲਈ ਆਨ-ਇਟ ਰੀਜ਼ਨਲ ਟਰਾਂਜਿਟ ਦੀ ਵਰਤੋ ਕਰਨ ਦਾ ਵਿਕਲਪ ਹੈ।

ਸੂਚੀ ਵਿੱਚ ਸ਼ਾਮਿਲ ਹੋਰ ਕੈਨੇਡੀਅਨ ਝੀਲਾਂ ਵਿੱਚ ਲੇਕ ਵਿੰਨੀਪੇਗ ਅਤੇ ਲੇਕ ਸੁਪੀਰੀਅਰ ਸ਼ਾਮਿਲ ਹਨ, ਜੋ ਸੰਯੁਕਤ ਰਾਜ ਅਮਰੀਕਾ ਵਿਚ ਵੀ ਪ੍ਰਵੇਸ਼ ਕਰਦੀਆਂ ਹਨ।

# ਮੇਰੀ ਮਰਦਾਂ ਵਿਚ ਨਹੀਂ ਦਿਲਚਸਪੀ: ਡਕੋਟਾ



ਡਕੋਟਾ ਜਾਨਸਨ ਨੇ ਬੇਹੱਦ ਬੋਲਡ ਵਿਸ਼ੇ 'ਤੇ ਬਣੀ ਫਿਲਮ '50 ਸ਼ੇਡਸ ਆਫ ਗੇ' ਨਾਲ ਦੁਨੀਆ ਭਰ 'ਚ ਲੋਕਪ੍ਰਿਅਤਾ ਹਾਸਲ ਕੀਤੀ ਸੀ। ਬੀਤੇ ਦਿਨੀਂ ਉਹ ਫਿਲਮ ਸੁਪਰਵੂਮੈਨ ਫਿਲਮ "ਮੈਡਮ ਵੈੱਬ ਵਿਚ ਨਜ਼ਰ ਆਈ ਅਤੇ ਹੁਣ ਉਹ ਫਿਲਮ 'ਐੱਮ. ਆਈ. ਓ ਕੇ' ਨੂੰ ਲੈ ਕੇ ਖੂਬ ਸੁਰਖੀਆਂ ਖੱਟ ਰਹੀ ਹੈ। ਟਿੰਗ ਨੋ ਵਾਰ ਅਤੇ ਸਟੇਫਾਈਨ ਐਲਿਨੇ ਦੇ ਨਿਰਦੇਸ਼ਨ 'ਚ ਬਣੀ ਇਸ ਫਿਲਮ ਵਿਚ ਡਕੋਟਾ ਦਾ ਕਿਰਦਾਰ ਉਸ ਔਰਤ ਦਾ ਹੈ, ਜੋ ਆਪਣੀ ਕਾਮੁਕਤਾ ਨਾਲ ਜੂਝ ਰਹੀ ਹੈ। ਇਸ ਫਿਲਮ 'ਚ ਉਹ ਲੂਸੀ ਨਾਂ ਦੀ ਇਕ ਔਰਤ ਦਾ ਰੋਲ ਕਰ ਰਹੀ ਹੈ, ਜਿਸ ਨੂੰ ਮਰਦਾਂ 'ਚ ਦਿਲਚਸਪੀ ਨਹੀਂ ਹੁੰਦੀ। ਉਸ ਨੂੰ ਆਪਣੇ ਬਾਰੇ 'ਚ ਹੀ ਚੀਜ਼ਾਂ ਦਾ ਪਤਾ ਲਗਾਉਣ 'ਚ ਸਮੱਸਿਆ ਹੁੰਦੀ ਹੈ। ਬਹੁਤ ਬਾਅਦ 'ਚ ਉਸ ਨੂੰ ਸਮਝ ਆਉਂਦਾ ਹੈ ਕਿ ਮਰਦਾਂ ਦੇ ਨਾਲ ਹੱਥ ਮਿਲਾਉਣ ਨਾਲੋਂ ਜ਼ਿਆਦਾ ਉਸ ਨੂੰ ਉਨ੍ਹਾਂ ਦੀ ਹੋਰ ਕਿਸੇ ਚੀਜ਼ 'ਚ ਦਿਲਚਸਪੀ ਨਹੀਂ ਹੈ। ਆਪਣੀ ਸਹੇਲੀਜੇਨ'ਸੋਨੋਯਾ ਮਿਜ਼ੂਨੋ) ਦੀ ਮਦਦ ਨਾਲ ਲੂਸੀ 30 ਦੀ ਉਮਰ ਤੋਂ ਬਾਅਦ ਆਪਣੀ ਸੈਕਸੁਐਲਿਟੀ ਅਤੇ ਡਿਜ਼ਾਇਰਸ ਨੂੰ ਸਮਝਣ ਦਾ ਯਤਨ ਕਰਦੀ ਹੈ।

## INSTA UPDATE



ਨੀਰੂ ਬਾਜਵਾ ਦਾ ਖ਼ੂਬਸੂਰਤ ਅੰਦਾਜ



ਕਰੀਨਾ ਕਪੂਰ ਨੇ ਲਾਈ ਅੱਗ

## ਇਸ਼ਕ ਮੁਸ਼ਕ

# ਮੈਨੂੰ 5 ਖ਼ੂਬੀਆਂ ਵਾਲਾ ਲਾੜਾ ਚਾਹੀਦਾ: ਅਵਨੀਤ



ਬਾਲੀਵੁੱਡ ਦੀ ਖੂਬਸੂਰਤ ਅਭਿਨੇਤਰੀ ਅਵਨੀਤ ਕੌਰ 'ਚ ਵੀ ਆਪਣਾ ਘਰ ਵਸਾਉਣ ਦਾ ਖਿਆਲ ਆ ਰਿਹਾ ਹੈ।

ਹੁਣ ਉਸ ਦੇ ਦੋਸਤ ਕਈ ਹਨ ਤੇ ਉਹ ਉਨ੍ਹਾਂ 'ਚੋਂ ਬੈਸਟ ਚੁਣ ਸਕਦੀ ਹੈ ਪਰ ਉਂਝ ਹੀ ਚੁਣ ਲਿਆ ਤਾਂ ਪਤਾ ਨਹੀਂ ਕੀ ਹੋਵੇਗਾ। ਸੋ ਹੁਣ ਅਵਨੀਤ ਨੇ ਆਪਣੇ ਜੀਵਨ ਸਾਥੀ ਲਈ ਕੁਝ ਮਾਪਦੰਡ ਫਿਕਸ ਕਰ ਦਿੱਤੇ ਹਨ।

ਹੁਣ ਜੋ ਵੀ ਦੁਲਹਾ ਬਣੇਗਾ, ਉਸ 'ਚ ਪੰਜ ਖੂਬੀਆਂ ਰਹਿਣੀਆਂ ਜ਼ਰੂਰੀ ਹਨ, ਨਹੀਂ ਤਾਂ ਉਸ ਨੂੰ ਰਿਜੈਟ ਕਰ ਦਿੱਤਾ ਜਾਵੇਗਾ। ਅਵਨੀਤ ਅਨੁਸਾਰ, "ਉਹ ਰਿਸਪੈਕਟ ਕਰਨ ਵਾਲਾ ਹੋਵੇ, ਅੰਡਰਸਟੈਂਡਿੰਗ ਹੋਵੇ, ਈਮਾਨਦਾਰ ਹੋਵੇ, ਹੌਟ ਅਤੇ ਇਸ ਦੇ ਨਾਲ ਹੀ ਉਸ ਨੂੰ ਕਿਊਟ ਹੋਣਾ ਚਾਹੀਦਾ ਹੈ।


ਅਵਨੀਤ ਇਨ੍ਹੀਂ ਦਿਨੀਂ ਆਪਣੀ ਅਗਲੀ ਫਿਲਮ 'ਲਵ ਕੀ ਅਰੇਂਜ ਮੈਰਿਜ' ਨੂੰ ਲੈ ਕੇ ਚਰਚਾ 'ਚ ਹੈ। ਫਿਲਮ ਨੂੰ ਬਣਾ ਕੇ ਅਵਨੀਤ ਕਾਫੀ ਰੋਮਾਂਚਿਤ ਮਹਿਸੂਸ ਕਰ ਰਹੀ ਹੈ। ਉਸ ਨੇ ਫਿਲਮ ਦੀ ਸ਼ੂਟਿੰਗ ਦੌਰਾਨ ਏ ਤਜਰਬੇ ਬਾਰੇ ਕਿਹਾ, "ਮੈਂ ਹਮੇਸ਼ਾ ਸੁਪ੍ਰਿਆ ਮੈਮ ਦੇ ਹਾਵ-ਭਾਵ ਨੂੰ ਧਿਆਨ ਨਾਲ ਦੇਖਿਆ ਕਰਦੀ ਸੀ, ਜਦੋਂ ਵੀ ਉਹ ਸ਼ੂਟਿੰਗ ਕਰਦੇ ਸੀ। ਉਸ ਦੇ ਸਹਿਜ ਅਭਿਨੈ ਨੂੰ ਦੇਖਣਾ ਮੇਰੇ ਲਈ ਇਕ ਕਾਫੀ ਸਿੱਖਣ ਵਾਲਾ ਤਜਰਬਾ ਰਿਹਾ।"

# ਸੋਨਮ ਨਾਲ ਹੋਈ ਸੀ ਬੜੀ ਗੰਦੀ ਹਰਕਤ

9 ਜੂਨ, 1985 ਨੂੰ ਅਨਿਲ ਕਪੂਰ ਦੇ ਘਰ ਪੈਦਾ ਹੋਈ ਸੋਨਮ ਕਪੂਰ 39 ਸਾਲ ਦੀ ਹੋ ਗਈ ਹੈ। ਉਹ ਇਕ ਚੰਗੀ ਅਦਾਕਾਰਾ ਹੀ ਨਹੀਂ ਬਾਲੀਵੁੱਡ ਦੀ 'ਫੈਸ਼ਨਿਸਟਾ' ਵੀ ਹੈ। ਸੋਨਮ ਫਿਲਮਾਂ ਤੋਂ ਇਲਾਵਾ ਨਿੱਜੀ ਜ਼ਿੰਦਗੀ ਨੂੰ ਲੈ ਕੇ ਵੀ ਚਰਚਾ 'ਚ ਰਹਿੰਦੀ ਹੈ। ਉਹ ਭਾਵੇਂ ਸਟਾਰ ਐਕਟਰ ਅਨਿਲ ਕਪੂਰ ਦੀ ਬੇਟੀ ਹੈ ਪਰ ਉਹ ਵੀ ਸੈਕਸ ਸ਼ੋਸ਼ਣ ਦਾ ਸ਼ਿਕਾਰ ਹੋ ਚੁੱਕੀ ਹੈ।

ਇਸ ਕਿੱਸੇ ਬਾਰੇ ਉਸ ਨੇ ਇਕ ਵਾਰ ਖੁਦ ਗੱਲ ਕੀਤੀ ਸੀ। ਰਾਜੀਵ ਮਸੰਦ ਦੇ ਸ਼ੋਅ 'ਚ ਇਸ ਦਾ ਜ਼ਿਕਰ ਕਰਦੇ ਹੋਏ ਉਸ ਨੇ ਦੱਸਿਆ ਸੀ ਕਿ ਹਰ ਕੋਈ ਬਚਪਨ 'ਚ ਕਦੇ ਨਾ ਕਦੇ ਮਾਲੇਸਟ ਹੁੰਦਾ ਹੈ ਅਤੇ ਆਪਣੇ ਬਚਪਨ ਦੇ ਦਿਨਾਂ ਨੂੰ ਯਾਦ ਕਰਦੇ ਹੋਏ ਦੱਸਦੀ ਸੀ ਕਿ ਉਹ ਵੀ ਇਸ ਤੋਂ ਨਹੀਂ ਬਚ ਸਕੀ। ਸੋਨਮ ਨੇ ਦੱਸਿਆ ਕਿ ਇਹ ਘਟਨਾ ਮੁੰਬਈ ਦੇ ਗੇਇਟੀ ਗੈਲੇਕਸੀ ਥੀਏਟਰ ਦੀ ਹੈ, ਜਿ ਉਹ ਕੁਝ ਦੋਸਤਾਂ ਨਾਲ ਫਿਲਮ ਦੇਖਣ ਗਈ ਸੀ। ਜਦ ਸਾਰੇ ਲੋਕ ਬਾਹਰ ਆਏ ਤਾਂ ਉਹ ਦੋਸਤਾਂ ਨਾਲ ਖਾਣੇ ਦਾ ਸਮਾਨ ਲੈ ਰਹੀ ਸੀ। ਉਦੋਂ ਇਕ ਆਦਮੀ ਪਿਛੇ ਤੋਂ ਆਇਆ ਅਤੇ ਉਸ ਨੇ ਉਸ ਦੇ ਸੀਨੇ ਨੂੰ ਦਬਾ ਦਿੱਤਾ। ਉਦੋਂ ਉਸ ਦੀ ਉਮਰ ਕਰੀਬ 13 ਸਾਲ ਦੀ ਹੋਵੇਗੀ। ਉਸ ਦੀ ਗੰਦੀ ਹਰਕਤ ਦੇ ਬਾਅਦ ਉਹ ਕੰਬਣ ਲੱਗੀ ਸੀ। ਉਸ ਨੂੰ ਸਮਝ ਨਹੀਂ ਆਇਆ ਕਿ ਇਥੇ ਕੀ ਹੋ ਰਿਹਾ ਹੈ।

ਉਸ ਨੇ ਰੋਣਾ ਸ਼ੁਰੂ ਕਰ ਦਿੱਤਾ ਸੀ ਪਰ ਇਸ ਦੇ ਬਾਰੇ 'ਚ ਕਿਸੇ ਨਾਲ ਗੱਲ ਨਹੀਂ ਕੀਤੀ ਸੀ। ਉਸ ਨੂੰ ਲੱਗ ਰਿਹਾ ਸੀ ਕਿ ਉਸ ਨੇ ਹੀ ਕੁਝ ਗਲਤੀ ਕੀਤੀ ਹੈ। ਇਸ ਦੇ ਬਾਅਦ ਉਹ ਕਾਫੀ ਸਮੇਂ ਤੱਕ ਸਦਮੇ 'ਚ ਰਹੀ ਸੀ।



# ਪੰਜਾਬੀ ਸੰਗੀਤ ਦਾ ਸਿਰਤਾਜ ਹੈ ਸਤਿੰਦਰ

## ਬਾਲੀਵੁੱਡ

ਸੂਫ਼ੀ ਸੰਗੀਤ ਇਕ ਮਹਾਨ ਤੇ ਬੇਸ਼ਕੀਮਤੀ ਕਲਾ ਹੈ ਜੋ ਕਦੇ ਵੀ ਵੇਚੀ ਨਹੀਂ ਜਾ ਸਕਦੀ ਹੈ। ਇਹ ਤਾਂ ਪਰਮਾਤਮਾ ਦਾ ਬਖ਼ਸ਼ਿਆ ਉਹ ਅਣਮੁੱਲਾ ਤੋਹਫ਼ਾ ਹੈ ਜਿਸਦੀ ਕੀਮਤ ਤੇ ਗਹਿਰਾਈ ਨਾ ਤਾਂ ਅੱਜ ਤੱਕ ਕੋਈ ਮਾਪ ਸਕਿਆ ਹੈ ਤੇ ਨਾ ਹੀ ਕਦੇ ਮਾਪ ਸਕੇਗਾ।' ਇਨ੍ਹਾਂ ਬੋਲਾਂ ਦੇ ਉਚਾਰਨਕਰਤਾ ਨਾਮਵਰ ਗਵੱਈਏ ਤੇ ਸ਼ਾਇਰ ਸਤਿੰਦਰ ਸਰਤਾਜ ਨੂੰ ਅਜੋਕੇ ਪੰਜਾਬੀ ਸੰਗੀਤ ਦੇ ਸਿਰ ਦਾ ਤਾਜ ਆਖ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।



**ਹਰੇਕ ਗੀਤ ਨੂੰ ਬਿਹਤਰ ਬਣਾਉਣ ਲਈ ਯਤਨਸ਼ੀਲ:**

ਉਹ ਆਪਣੀ ਪਾਕ-ਸਾਫ਼ ਤੇ ਰੂਹ ਦੇ ਧੁਰ ਅੰਦਰ ਤੱਕ ਉਤਰ ਕੇ ਸਕੂਨ ਤੇ ਅਨੰਦ ਪ੍ਰਦਾਨ ਕਰਨ ਵਾਲੀ ਗਾਇਕੀ ਤੇ ਸ਼ਾਇਰੀ ਸਦਕਾ ਸਰੋਤਿਆਂ ਵਿਚ ਵੱਡੀ ਮਕਬੂਲੀਅਤ ਹਾਸਲ ਕਰ ਚੁੱਕਾ ਹੈ। ਆਪਣੇ ਹਰੇਕ ਗੀਤ ਅਤੇ ਆਪਣੀ ਹਰੇਕ ਐਲਬਮ ਨਾਲ ਸ਼ੁਹਰਤ ਦੀਆਂ ਬੁਲੰਦੀਆਂ ਹਾਸਲ ਕਰਦਾ ਜਾ ਰਿਹਾ ਹੈ। ਉਹ ਖ਼ੁਦ ਦੱਸਦਾ ਹੈ ਕਿ ਉਸਦਾ ਮੁਕਾਬਲਾ ਖ਼ੁਦ ਨਾਲ ਹੈ, ਕਿਸੇ ਹੋਰ ਨਾਲ ਨਹੀਂ।

**ਬਜਵਾੜਾ ਪਿੰਡ 'ਚ ਹੋਇਆ ਜਨਮ:**

ਸਰਤਾਜ ਆਪਣੇ ਆਪ ਨੂੰ 'ਖੇਤਾਂ ਦਾ ਪੁੱਤ' ਦੱਸਦਾ ਹੈ ਤੇ ਉਸ ਨੂੰ ਮਾਣ ਹੈ ਕਿ ਉਸਨੇ ਨਾ ਕੇਵਲ ਇਕ ਕਿਸਾਨ ਪਰਿਵਾਰ ਵਿਚ ਜਨਮ ਹੀ ਲਿਆ ਸਗੋਂ ਹੱਥੀਂ ਖੇਤੀ ਕਰਨ ਦਾ ਤਜਰਬਾ ਵੀ ਹਾਸਲ ਕੀਤਾ ਹੈ। ਸਰਤਾਜ ਦੀ ਪੈਦਾਇਸ਼ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਜਵਾੜਾ ਵਿਖੇ ਕਿਸਾਨ ਬਲਵਿੰਦਰ ਸਿੰਘ ਦੇ ਘਰ 31 ਅਗਸਤ, 1982 ਦੀ ਹੈ। ਉਹ ਅਜੇ ਤੀਜੀ ਕੁ ਜਮਾਤ ਵਿਚ ਪੜ੍ਹਦਾ ਸੀ ਜਦੋਂ ਉਸਨੂੰ ਗਾਇਕੀ ਦੀ ਚੇਟਕ ਲੱਗ ਗਈ ਤੇ ਉਹ ਸਕੂਲ ਦੀ ਬਾਲ ਸਭਾ ਤੋਂ ਸ਼ੁਰੂ ਹੋ ਕੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਮਨਾਏ ਜਾਂਦੇ ਵੱਖ-ਵੱਖ ਧਾਰਮਿਕ ਸਮਾਗਮਾਂ ਵਿਚ ਉਸ ਵਕਤ ਦੇ ਪ੍ਰਚਲਿਤ ਗੀਤ ਗਾਉਣ ਲੱਗ ਪਿਆ। ਉਸਨੇ ਕਵਿਤਾ ਉਚਾਰਣ ਤੇ ਗੀਤ ਮੁਕਾਬਲਿਆਂ ਵਿਚ ਜ਼ਿਲ੍ਹਾ ਪੱਧਰ 'ਤੇ ਕਈ ਇਨਾਮ ਵੀ ਹਾਸਲ ਕੀਤੇ। ਸਰਤਾਜ ਦੱਸਦਾ ਹੈ 'ਮੈਂ ਸੂਫ਼ੀ ਸੰਗੀਤ ਤੇ ਕੱਵਾਲੀ ਦੇ ਸ਼ਹਿਨਸ਼ਾਹ ਨੁਸਰਤ ਫ਼ਤਹਿ ਅਲੀ ਖ਼ਾਂ ਸਾਹਿਬ ਤੋਂ ਬਹੁਤ ਮੁਤਾਸਿਰ ਸਾਂ ਤੇ ਮੈਨੂੰ ਜਦੋਂ ਕੋਈ ਪੁੱਛਦਾ ਕਿ ਤੂੰ ਵੱਡਾ ਹੋ ਕੇ ਕੀ ਬਣੇਂਗਾ ਤਾਂ ਮੈਂ ਆਖਦਾ ਕਿ ਮੈਂ ਨੁਸਰਤ ਵਰਗਾ ਬਣਨਾ ਚਾਹਾਂਗਾ। ਕਈ ਵਾਰ ਮੇਰੇ ਜਾਣਕਾਰ ਅੱਗਿਉਂ ਹੱਸ ਕੇ ਆਖ ਦਿੰਦੇ ਕਿ ਨੁਸਰਤ ਦੇ ਪਰਿਵਾਰ ਵਿਚ ਗਾਇਕੀ ਦਾ ਛੇ ਸੌ ਸਾਲ ਦਾ ਇਤਿਹਾਸ ਤੇ ਤੂੰ ਤਾਂ ਸਿੱਧੇ-ਸਾਦੇ ਕਿਸਾਨ ਪਰਿਵਾਰ 'ਚੋਂ ਹੈ, ਤੇਰਾ ਗਾਇਕ ਬਣਨਾ ਸੌਖਾ ਨਹੀਂ।'

**ਕਦੀ ਪ੍ਰੋਫੈਸ਼ਨਲ ਗਾਇਕ ਬਣਨ ਬਾਰੇ ਨਹੀਂ ਸੀ ਸੋਚਿਆ:**

ਸਰਤਾਜ ਅੰਦਰ ਸੂਫ਼ੀ ਗਾਇਕ ਬਣਨ ਦੀ ਇੱਛਾ ਸੀ ਤੇ ਉਸੇ ਇੱਛਾ ਨੇ ਉਸਨੂੰ ਉਨ੍ਹਾਂ ਰਾਹਾਂ 'ਤੇ ਤੋਰ ਦਿੱਤਾ ਜੋ ਸਿੱਧਾ ਇਕ ਮਹਾਨ ਗਾਇਕ ਬਣਨ ਵਾਲੇ ਪਾਸੇ ਜਾਂਦੀਆਂ ਸਨ। ਉਸਨੇ ਸੰਗੀਤ ਦੀ ਹੀ ਪੜ੍ਹਾਈ ਕਰਨ ਦਾ ਮਨ ਬਣਾ ਲਿਆ ਤੇ ਮੁੱਢਲੀ ਪੜ੍ਹਾਈ ਪੂਰੀ ਕਰਨ ਮਗਰੋਂ ਸੰਗੀਤ ਵਿਚ ਪੰਜ ਸਾਲਾ ਡਿਪਲੋਮਾ ਸ਼ੁਰੂ ਕਰ ਦਿੱਤਾ। ਉਪਰੰਤ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਸੰਗੀਤ ਵਿਚ ਗ੍ਰੈਜੂਏਸ਼ਨ ਕਰਨ ਮਗਰੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸੂਫ਼ੀ ਸੰਗੀਤ ਵਿਚ ਪੋਸਟ ਗ੍ਰੈਜੂਏਸ਼ਨ ਅਤੇ ਪੀਐੱਚਡੀ ਦੀ ਡਿਗਰੀ ਹਾਸਲ ਕਰਨ ਦੇ ਨਾਲ-ਨਾਲ ਫ਼ਾਰਸੀ ਭਾਸ਼ਾ ਵਿਚ ਸਰਟੀਫ਼ਿਕੇਟ ਕੋਰਸ ਤੇ ਡਿਪਲੋਮਾ ਵੀ ਕੀਤਾ। ਸਰਤਾਜ ਬੜੀ ਸਾਫ਼ਗੋਈ ਨਾਲ ਬਿਆਨਦਾ ਹੈ ਕਿ ਉਸਨੇ ਇਕ ਪ੍ਰੋਫੈਸ਼ਨਲ ਗਾਇਕ ਬਣਨ ਬਾਰੇ ਨਾ ਤਾਂ ਕਦੇ ਸੋਚਿਆ ਸੀ ਤੇ ਨਾ ਹੀ ਇਸ ਸਬੰਧ ਵਿਚ ਕੋਈ ਯੋਜਨਾਬੰਦੀ ਕੀਤੀ ਸੀ। ਉਹ ਆਖਦਾ ਹੈ, 'ਮੈਂ ਤਾਂ ਸੰਗੀਤ ਦਾ ਪ੍ਰੋਫੈਸਰ ਬਣਨਾ ਲੋਚਦਾ ਸਾਂ ਤੇ ਸੂਫ਼ੀ ਸੰਗੀਤ ਵਿਚ ਡਾਕਟਰੇਟ ਕਰਨ ਮਗਰੋਂ ਜਦੋਂ ਮੈਂ ਪੰਜਾਬ ਯੂਨੀਵਰਸਿਟੀ ਵਿਚ ਹੀ ਸੰਗੀਤ ਦਾ ਪ੍ਰੋਫੈਸਰ ਨਿਯੁਕਤ ਹੋ ਗਿਆ ਤਾਂ ਮੈਨੂੰ ਲੱਗਾ ਕਿ ਮੈਂ ਆਪਣਾ ਉਦੇਸ਼ ਪੂਰਾ ਕਰ ਲਿਆ ਹੈ। ਮੈਂ ਛੇ ਸਾਲ ਯੂਨੀਵਰਸਿਟੀ ਵਿਚ ਪੜ੍ਹਾਇਆ ਹੈ।'

ਬੇਹੱਦ ਹੈਰਾਨ ਕਰ ਦੇਣ ਵਾਲੀ ਗੱਲ ਹੈ ਕਿ ਸੰਗੀਤ ਵਿਚ ਉੱਚ ਸਿੱਖਿਆ ਹਾਸਲ ਕਰ ਚੁੱਕੇ ਤੇ ਯੂਨੀਵਰਸਿਟੀ ਵਿਚ ਸੰਗੀਤ ਅਧਿਆਪਨ ਕਰ ਚੁੱਕੇ ਸਰਤਾਜ ਨੂੰ ਆਪਣੇ ਸਫ਼ਰ ਜਾਂ ਖ਼ਾਲੀ ਵਕਤ ਦੌਰਾਨ ਗੀਤ ਸੁਣਨ ਦੀ ਥਾਂ ਕਿਤਾਬਾਂ ਪੜ੍ਹਨਾ ਜਾਂ ਕੇਵਲ ਤੇ ਕੇਵਲ ਇੰਸਟਰੂਮੈਂਟਲ ਸੰਗੀਤ ਤੇ ਉਹ ਵੀ ਵਿਸ਼ੇਸ਼ ਕਰ ਕੇ ਈਰਾਨੀ ਸੰਗੀਤ ਸੁਣਨਾ ਪਸੰਦ ਹੈ। ਉਹ ਈਰਾਨੀ ਸੱਭਿਆਚਾਰ, ਪਹਿਰਾਵੇ ਅਤੇ ਸੰਗੀਤ ਦਾ ਆਸ਼ਕ ਹੈ। ਉਸਨੇ ਫ਼ਿਰਦੌਸੀ, ਰੂਮੀ, ਸ਼ਮਸ ਤਬਰੇਜ਼, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ ਤੇ ਬਾਬਾ ਫ਼ਰੀਦ ਸਮੇਤ ਕਈ ਹੋਰ ਸੂਫ਼ੀ ਸ਼ਾਇਰਾਂ ਦਾ ਕਲਾਮ ਬੜਾ ਨਿੱਠ ਕੇ ਪੜ੍ਹਿਆ ਹੈ ਤੇ ਉਸ ਦੀਆਂ ਆਪਣੀਆਂ ਕਾਵਿ ਰਚਨਾਵਾਂ ਵਿੱਚੋਂ ਵੀ ਉਕਤ ਸ਼ਾਇਰਾਂ ਦੇ ਕਲਾਮ ਦਾ ਪ੍ਰਭਾਵ ਸਾਫ਼ ਝਲਕਦਾ ਹੈ।

**ਪੇਸ਼ਕਾਰੀ 21 ਵਰ੍ਹਿਆਂ ਦੀ ਉਮਰ 'ਚ:**

ਸੂਫ਼ੀ ਕਲਾਮ ਤੇ ਸੂਫ਼ੀ ਸੰਗੀਤ ਦਾ ਸ਼ੈਦਾਈ ਸਰਤਾਜ ਆਖ਼ਦਾ ਹੈ,'ਮੈਂ ਸੂਫ਼ੀ ਸੰਗੀਤ ਦੀ ਮਸਤੀ ਤੇ ਮਹਿਕ ਦੁਨੀਆ ਭਰ ਵਿਚ ਫੈਲਾਉਣਾ ਚਾਹੁੰਦਾ ਹਾਂ ਤੇ ਇਸਨੂੰ ਹੋਰ ਬੁਲੰਦੀਆਂ ਤੱਕ ਲੈ ਜਾਣ ਦਾ ਚਾਹਵਾਨ ਹਾਂ। ਮੈਂ ਤਾਂ ਸੂਫ਼ੀ ਸੰਗੀਤ ਦੇ ਜ਼ਰੀਏ ਹਿੰਦੁਸਤਾਨ ਤੇ ਪਾਕਿਸਤਾਨ ਦੇ ਰਿਸ਼ਤਿਆਂ ਨੂੰ ਵੀ ਮਜ਼ਬੂਤ ਕਰਨਾ ਲੋਚਦਾ ਹਾਂ।' ਸਤਿੰਦਰ ਨੇ ਆਪਣੀ ਸੂਫ਼ੀ ਗਾਇਕੀ ਦੀ ਪਹਿਲੀ ਵੱਡੀ ਪੇਸ਼ਕਾਰੀ 21 ਵਰ੍ਹਿਆਂ ਦੀ ਉਮਰ ਵਿਚ ਆਪਣੀ ਐੱਮਏ ਦੀ ਡਿਗਰੀ ਦੌਰਾਨ ਚੰਡੀਗੜ੍ਹ ਵਿਖੇ ਦਿੱਤੀ ਸੀ ਤੇ ਉਦੋਂ ਉਸ ਨਾਲ ਕੇਵਲ ਤਿੰਨ ਕੁ ਹੀ ਸਾਜ਼ਿੰਦੇ ਸਨ।

**ਸ਼ਾਇਰੀ ਸੋਚ ਕੇ ਨਹੀਂ ਲਿਖੀ ਜਾਂਦੀ, ਇਹ ਉਤਰਦੀ ਹੈ:**

ਸਰਤਾਜ ਇਹ ਸਵੀਕਾਰ ਕਰਦਾ ਹੈ ਕਿ ਉਹ ਜਿਸ ਵੀ ਕੰਮ ਜਾਂ ਕਲਾ ਨੂੰ ਹੱਥ ਪਾਉਂਦਾ ਹੈ ਜਦੋਂ ਤੱਕ ਉਸ ਵਿਚ ਪ੍ਰਬੀਨਤਾ ਹਾਸਲ ਨਾ ਕਰ ਲਵੇ ਉਸਦੀ ਰੂਹ ਨੂੰ ਚੈਨ-ਸਕੂਨ ਨਹੀਂ ਮਿਲਦਾ ਹੈ। ਉਹ ਆਪਣੇ ਯੂਨੀਵਰਸਿਟੀ ਦੀ ਪੜ੍ਹਾਈ ਦੇ ਦਿਨਾਂ ਨੂੰ ਆਪਣੀ ਜ਼ਿੰਦਗੀ ਦਾ 'ਸੁਨਹਿਰੀ ਕਾਲ' ਮੰਨਦਾ ਹੈ ਤੇ ਆਪਣੇ ਪ੍ਰਸ਼ੰਸਕਾਂ ਨੂੰ ਦਿਲੋਂ ਪਿਆਰ ਤੇ ਸਤਿਕਾਰ ਕਰਦਾ ਹੈ। ਉਸਨੂੰ ਆਪਣੇ ਚਾਹੁਣ ਵਾਲਿਆਂ ਨਾਲ ਤਸਵੀਰਾਂ ਖਿਚਵਾਉਣਾ ਚੰਗਾ ਲੱਗਦਾ ਹੈ। ਨਿਮਰਤਾ ਨਾਲ ਭਰਿਆ ਸਰਤਾਜ ਆਖਦਾ ਹੈ 'ਮੈਂ ਤਾਉਮਰ ਇਕ ਸਿਖਿਆਰਥੀ ਬਣਿਆ ਰਹਿਣਾ ਚਾਹੁੰਦਾ ਹਾਂ ਤੇ ਹਰ ਘੜੀ, ਹਰ ਪਲ ਕੁਝ ਨਵਾਂ ਸਿੱਖ ਕੇ ਆਪਣੇ ਚਾਹੁਣ ਵਾਲਿਆਂ ਨੂੰ ਬੇਹਤਰ ਤੋਂ ਬੇਹਤਰੀਨ ਰਚਨਾਵਾਂ ਦੇ ਜਾਣਾ ਚਾਹੁੰਦਾ ਹਾਂ। ਮੇਰੇ ਲਈ ਸਫ਼ਲਤਾ ਮਾਅਨੇ ਨਹੀਂ ਰੱਖਦੀ ਹੈ ਸਗੋਂ ਮੇਰੇ ਲਈ ਮੇਰੇ ਸਰੋਤਿਆਂ ਦਾ ਪਿਆਰ ਹੀ ਸਰਬੋਤਮ ਹੈ।'

ਗਾਇਕੀ ਵਿਚ ਮੱਲਾਂ ਮਾਰਨ ਵਾਲਾ ਸਰਤਾਜ ਸੰਨ 2016 ਵਿਚ ਅਦਾਕਾਰੀ ਦੇ ਪਿੜ ਵਿਚ ਵੀ ਉਤਰ ਆਇਆ। ਮੁੰਬਈ ਦੇ ਇਕ ਮਸ਼ਹੂਰ ਐਕਟਿੰਗ ਸਕੂਲ ਤੋਂ ਅਦਾਕਾਰੀ ਦੀ ਕੇਵਲ ਵੀਹ ਕੁ ਦਿਨ ਦੀ ਸਿਖਲਾਈ ਲੈ ਕੇ ਫਿਲਮ 'ਦਿ ਬਲੈਕ ਪ੍ਰਿੰਸ' ਵਿਚ ਕੁੰਵਰ ਦਲੀਪ ਸਿੰਘ ਦੀ ਭੂਮਿਕਾ ਅਦਾ ਕਰ ਦਿੱਤੀ। ਇਸ ਤੋਂ ਬਾਅਦ ਸਰਤਾਜ ਦੀਆਂ ਹੁਣ ਤੱਕ 'ਇੱਕੋ-ਮਿੱਕੇ','ਕਲੀ ਜੋਟਾ' ਅਤੇ 'ਸ਼ਾਇਰ' ਆਦਿ ਪੰਜਾਬੀ ਫਿਲਮਾਂ ਰਿਲੀਜ਼ ਹੋ ਚੁੱਕੀਆਂ।

**ਬਾਕਮਾਲ ਭੰਗੜਾ ਫ਼ਨਕਾਰ:**

ਸਤਿੰਦਰ ਸਰਤਾਜ ਕੇਵਲ ਇਕ ਬੇਹਤਰੀਨ ਗਵੱਈਆ ਜਾਂ ਬਾਕਮਾਲ ਸ਼ਾਇਰ ਹੀ ਨਹੀਂ ਸਗੋਂ ਇਕ ਭੰਗੜਾ ਫ਼ਨਕਾਰ ਤੇ ਸੂਝਵਾਨ ਅਦਾਕਾਰ ਵੀ ਹੈ। ਉਹ ਭੰਗੜੇ ਵਿਚ 'ਬੈਸਟ ਭੰਗੜਾ ਡਾਂਸਰ' ਦਾ ਇਨਾਮ ਹਾਸਲ ਕਰ ਚੁੱਕਾ ਹੈ। ਉਨ੍ਹਾਂ ਦੀ ਸਹਿਜ ਅਦਾਕਾਰੀ ਦੀ ਵੀ ਪ੍ਰਸ਼ੰਸਾ ਹੁੰਦੀ ਰਹਿੰਦੀ ਹੈ।

**ਅਨੇਕ ਮਾਣ ਸਨਮਾਨ ਮਿਲੇ:**

ਸਾਲ 2011 ਵਿਚ ਕਰਵਾਏ ਗਏ 'ਬ੍ਰਿਟ-ਏਸ਼ੀਆ ਟੀਵੀ ਮਿਊਜ਼ਿਕ ਐਵਾਰਡ ਸਮਾਗਮ' ਵਿਚ ਸਤਿੰਦਰ ਸਰਤਾਜ ਨੂੰ 'ਸਰਬੋਤਮ ਕੌਮਾਂਤਰੀ ਪੇਸ਼ਕਾਰੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਸੀ ਤੇ ਜਦੋਂ ਸੰਨ 2014 ਵਿਚ ਉਸਨੇ 'ਰਾਇਲ ਐਲਬਰਟ ਹਾਲ' ਵਿਖੇ ਆਪਣੇ ਜਾਦੂਮਈ ਸੰਗੀਤ ਦੀ ਪੇਸ਼ਕਾਰੀ ਕੀਤੀ ਸੀ ਤਾਂ ਉਸਨੂੰ 'ਸਰਬੋਤਮ ਗੀਤਕਾਰ ਪੁਰਸਕਾਰ' ਨਾਲ ਨਿਵਾਜਿਆ ਗਿਆ ਸੀ। ਸਾਲ 2018 ਵਿਚ ਵੀ 'ਬ੍ਰਿਟ-ਏਸ਼ੀਆ ਟੀਵੀ ਮਿਊਜ਼ਿਕ ਐਵਾਰਡ ਸਮਾਗਮ' ਵਿਚ ਉਸ ਨੂੰ ਉਸਦੀ ਜ਼ਬਰਦਸਤ ਹਿੱਟ ਰਹੀ ਐਲਬਮ 'ਉਡਾਰੀਆਂ' ਲਈ 'ਸਰਬੋਤਮ ਫ਼ਨਕਾਰ ਐਵਾਰਡ' ਪ੍ਰਦਾਨ ਕੀਤਾ ਗਿਆ ਸੀ। ਕੁੱਲ ਦੁਨੀਆ ਵਿਚ ਦੂਜੇ ਦਰਜੇ ਦਾ ਸਭ ਤੋਂ ਵੱਡਾ ਅਪਰਾਧ ਮੰਨੇ ਜਾਂਦੀ 'ਮਨੁੱਖੀ ਤਸਕਰੀ' ਨੂੰ ਰੋਕਣ ਹਿੱਤ ਫ਼ੰਡ ਇਕੱਠਾ ਕਰਨ ਲਈ ਸੰਯੁਕਤ ਰਾਸ਼ਟਰ ਸੰਘ ਵੱਲੋਂ ਉਸਦਾ ਸਹਿਯੋਗ ਲਏ ਜਾਣ ਦੇ ਕਾਰਜ ਨੇ ਸਮੁੱਚੇ ਹਿੰਦੁਸਤਾਨੀ ਸੰਗੀਤ ਜਗਤ ਦਾ ਮਾਣ ਵਧਾਇਆ ਹੈ।


**ਨੁਸਰਤ ਫ਼ਤਹਿ ਅਲੀ ਖ਼ਾਂ ਦੇ ਮੁਰੀਦ:**


ਉਹ ਬਾਬਾ ਬੁੱਲੇ ਸ਼ਾਹ ਤੇ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਮੁਰੀਦ ਹੈ ਤੇ ਬੜੇ ਹੀ ਭਾਵੁਕ ਸੁਰ ਵਿਚ ਆਖ਼ਦਾ ਹੈ 'ਬਾਬਾ ਬੁੱਲੇ ਸ਼ਾਹ ਤੇ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਸਾਹਿਬ ਤਾਂ ਸੂਫ਼ੀ ਜਗਤ ਦੇ ਦੋ ਨਾਯਾਬ ਹੀਰੇ ਹਨ। ਮੇਰੀ ਨਜ਼ਰ ਵਿਚ ਤਾਂ ਇਹ ਸੂਫ਼ੀ ਸੰਗੀਤ ਦੇ ਰੱਬ ਹੀ ਹਨ। ਮੈਂ ਇਨ੍ਹਾਂ ਦੀਆਂ ਰਚਨਾਵਾਂ ਨੂੰ ਆਪਣੇ ਧੁਰ ਅੰਦਰੋਂ ਸਤਿਕਾਰ ਦਿੰਦਾ ਹਾਂ।' ਬਾਕਮਾਲ ਗਾਉਣ ਵਾਲੇ ਸਰਤਾਜ ਨੇ ਹੁਣ ਤੱਕ ਜਿਨ੍ਹਾਂ ਲਾਜਵਾਬ ਸੰਗੀਤਕ ਰਚਨਾਵਾਂ ਨਾਲ ਸੂਫ਼ੀ ਤੇ ਲੋਕ ਸੰਗੀਤ ਨੂੰ ਮਾਲਾਮਾਲ ਕੀਤਾ ਹੈ, ਉਨ੍ਹਾਂ ਵਿਚ-'ਇਬਾਦਤ, ਸਰਤਾਜ, ਚੀਰੇ ਵਾਲਾ ਸਰਤਾਜ, ਸਰਤਾਜ ਲਾਈਵ, ਤੇਰੇ ਕੁਰਬਾਨ, ਅਫ਼ਸਾਨੇ ਸਰਤਾਜ ਦੇ, ਰੰਗਰੇਜ਼, ਹਮਜ਼ਾ, ਹਜ਼ਾਰੇ ਵਾਲਾ ਮੁੰਡਾ, ਮਾਸੂਮੀਅਤ, ਸੀਜ਼ਨ ਆਫ ਸਰਤਾਜ, ਸ਼ਗੁਫ਼ਤਾ ਦਿਲੀ, ਆਰਤੀ, ਜ਼ਫ਼ਰਨਾਮਾ, ਤਹਿਰੀਕ, ਕਾਨੂੰਨ, ਪਾਕੀਜ਼ਗੀ, ਕਮਾਲ ਹੋ ਗਿਆ, ਦਿਲ ਗਾਉਂਦਾ ਰਿਹਾ, ਨਾਦਾਨ ਜਿਹੀ ਆਸ, ਤਿਤਲੀ, ਜ਼ਰ੍ਹਾ ਫ਼ਾਸਲੇ 'ਤੇ, ਸ਼ਾਇਰਾਨਾ ਸਰਤਾਜ, ਗੱਲਾਂ ਇਹ ਨੇ, ਪੈਰਿਸ ਦੀ ਜੁਗਨੀ, ਦਿਲਾਂ ਦੀ ਗੱਲ, ਸੱਜਣ ਰਾਜ਼ੀ, ਰੁਤਬਾ, ਉਡਾਰੀਆਂ, ਇੱਕੋ-ਮਿੱਕੇ, ਫੁੱਲ ਤੇ ਖ਼ੁਸ਼ਬੂ, ਜਲਸਾ, ਭੁੱਲੀਏ ਕਿਵੇਂ, ਮਤਵਾਲੀਏ, ਇਤਰਾਂ ਦੀ ਸ਼ੀਸ਼ੀ, ਉਸਦੇ ਬਾਅਦ, ਨਿਹਾਰ ਲੈਣ ਦੇ, ਔਜ਼ਾਰ, ਕੋਸ਼ਿਸ਼ ਤਾਂ ਕਰੀਏ, ਰੱਬ ਦੇ ਬਖ਼ਸ਼ੇ ਕਾਜ, ਸਾਂਈ ਵੇ, ਮਹਿਬੂਬ, ਕਸੀਦਾ, ਇਮਤਿਹਾਨ ਅਤੇ ਤਬਾਦਲੇ' ਆਦਿ ਸੁਰੀਲੀਆਂ ਸੰਗੀਤਕ ਪੇਸ਼ਕਸ਼ਾਂ ਸ਼ਾਮਲ ਹਨ।

ਉਸਨੂੰ ਆਪਣੇ ਸੰਗੀਤਕ ਕਰੀਅਰ ਦਾ ਸਭ ਤੋਂ ਵੱਡਾ ਮੌਕਾ ਸਾਲ 2008 ਵਿਚ ਟੋਰਾਂਟੋ ਵਿਖੇ ਮਿਲਿਆ ਸੀ। ਉਂਝ ਸੰਗੀਤ ਨਾਲ ਸਿਰ ਤੋਂ ਪੈਰਾਂ ਤੱਕ ਸਰਾਬੋਰ ਸਰਤਾਜ ਇਸ ਤੋਂ ਪਹਿਲਾਂ 'ਦੁਬਈ ਇੰਟਰਨੈਸ਼ਨਲ ਕਲਚਰਲ ਫੈਸਟੀਵਲ' ਵਿਚ ਸ਼ਾਮਲ ਹੋਏ 32 ਮੁਲਕਾਂ ਦੇ ਪ੍ਰਤੀਯੋਗੀਆਂ ਵਿੱਚੋਂ ਅੱਵਲ ਰਹਿ ਕੇ 'ਸਰਬੋਤਮ ਸੂਫ਼ੀ ਗਾਇਕ ਐਵਾਰਡ' ਹਾਸਲ ਕਰ ਚੁੱਕਾ ਸੀ।

# 'ਮਿਸਟਰ ਸ਼ੁਦਾਈ' ਫ਼ਿਲਮ ਦਾ ਮਜ਼ੇਦਾਰ ਟਰੇਲਰ ਰਿਲੀਜ਼

ਪੰਜਾਬੀ ਫ਼ਿਲਮ 'ਮਿਸਟਰ ਸ਼ੁਦਾਈ' ਦਾ ਮਜ਼ੇਦਾਰ ਟਰੇਲਰ ਰਿਲੀਜ਼ ਹੋ ਗਿਆ ਹੈ। ਯੂਟਿਊਬ 'ਤੇ ਇਹ ਟਰੇਲਰ ਫ਼ਿਲਮੀ ਲੋਕ ਦੇ ਚੈਨਲ ਹੇਠ ਰਿਲੀਜ਼ ਹੋਇਆ ਹੈ, ਜਿਸ ਨੂੰ ਖ਼ਬਰ ਲਿਖੇ ਜਾਣ ਤਕ 6 ਲੱਖ ਤੋਂ ਵੱਧ ਲੋਕਾਂ ਵਲੋਂ ਦੇਖਿਆ ਜਾ ਚੁੱਕਾ ਹੈ। ਇਸ ਫ਼ਿਲਮ 'ਚ ਹਰਸਿਮਰਨ ਮੁੱਖ ਭੂਮਿਕਾ ਨਿਭਾਅ ਰਹੇ ਹਨ, ਜਿਨ੍ਹਾਂ ਦੀ ਅਦਾਕਾਰੀ ਦੇ ਟਰੇਲਰ 'ਚ ਵੱਖ-ਵੱਖ ਰੰਗ ਦੇਖਣ ਨੂੰ ਮਿਲ ਰਹੇ ਹਨ। ਫ਼ਿਲਮ 'ਚ ਮੈਂਡੀ ਤੱਖੜ, ਕਰਮਜੀਤ ਅਨਮੋਲ, ਸੁਖਵਿੰਦਰ ਚਾਹਲ, ਨਿਸ਼ਾ ਬਾਨੋ, ਨਵ ਨਹਿਲ, ਮਲਕੀਤ ਰੌਣੀ, ਹਾਰਬੀ ਸੰਘਾ, ਆਰਵ ਭੁੱਲਰ, ਯੋਹਾਨ ਬਰਾੜ ਤੇ ਅਸ਼ਮਨ ਸਿੱਧੂ ਵੀ ਅਹਿਮ ਕਿਰਦਾਰਾਂ 'ਚ ਨਜ਼ਰ ਆਉਣ ਵਾਲੇ ਹਨ। ਫ਼ਿਲਮ ਦੇ ਟਰੇਲਰ 'ਚ ਨਜ਼ਰ ਆਉਂਦਾ ਹੈ ਕਿ ਹਰਸਿਮਰਨ ਖ਼ੁਦਕੁਸ਼ੀ ਕਰਨਾ ਚਾਹੁੰਦਾ ਹੈ, ਹਾਲਾਂਕਿ ਅਜਿਹਾ ਉਹ ਕਿਉਂ ਕਰ ਰਿਹਾ ਹੈ, ਇਹ ਸਪੱਸ਼ਟ ਨਹੀਂ ਹੋ ਸਕਿਆ ਹੈ। ਇਸ ਤੋਂ ਬਾਅਦ ਪਤਾ ਚੱਲਦਾ ਹੈ ਕਿ ਉਹ 15 ਮਿੰਟ ਮਰ ਕੇ ਮੁੜ ਜਿਊਂਦਾ ਹੋ ਜਾਂਦਾ ਹੈ ਤੇ ਇਸ ਦੇ ਨਾਲ ਹੀ ਉਸ ਨੂੰ ਕੁਝ ਆਤਮਾਵਾਂ ਵੀ ਦਿਸਣ ਲੱਗਦੀਆਂ ਹਨ, ਜੋ ਹਰਸਿਮਰਨ ਨੂੰ ਆਪਣੇ ਕੰਟਰੋਲ 'ਚ ਲੈ ਲੈਂਦੀਆਂ ਹਨ। ਹੁਣ ਇਹ ਆਤਮਾਵਾਂ ਕਿਵੇਂ ਦੂਰ ਜਾਣਗੀਆਂ ਜਾਂ ਕਿਵੇਂ ਹਰਸਿਮਰਨ ਨੂੰ ਇਨ੍ਹਾਂ ਤੋਂ ਛੁਟਕਾਰਾ ਮਿਲੇਗਾ, ਇਸ ਲਈ ਫ਼ਿਲਮ ਦੇ ਰਿਲੀਜ਼ ਹੋਣ ਦੀ ਉਡੀਕ ਕਰਨੀ ਪਵੇਗੀ। ਫ਼ਿਲਮ ਨੂੰ ਹਰਜੋਤ ਸਿੰਘ ਨੇ ਡਾਇਰੈਕਟ ਕੀਤਾ ਹੈ। ਇਸ ਦੀ ਕਹਾਣੀ ਕੁਰਾਨ ਢਿੱਲੋਂ ਤੇ ਹਰਜੋਤ ਸਿੰਘ ਵਲੋਂ ਲਿਖੀ ਗਈ ਹੈ। ਫ਼ਿਲਮ ਨੂੰ ਮੋਹਨਬੀਰ ਸਿੰਘ ਬਲ ਨੇ ਪ੍ਰੋਡਿਊਸ ਕੀਤਾ ਹੈ, ਜਦਕਿ ਜਸਕਰਨ ਵਾਲੀਆ ਤੇ ਅੰਮ੍ਰਿਤਪਾਲ ਖਿੰਡਾ ਇਸ ਦੇ ਕੋ-ਪ੍ਰੋਡਿਊਸਰ ਹਨ। ਫ਼ਿਲਮ ਦਾ ਟਰੇਲਰ ਇਕ ਤਾਜ਼ਗੀ ਭਰਿਆ ਅਹਿਸਾਸ ਦੇ ਰਿਹਾ ਹੈ। ਵਿਸ਼ੇ ਵਜੋਂ ਫ਼ਿਲਮ ਆਮ ਪੰਜਾਬੀ ਫ਼ਿਲਮਾਂ ਤੋਂ ਹੱਟ ਕੇ ਨਜ਼ਰ ਆ ਰਹੀ ਹੈ, ਜਿਹੜੀ ਦੁਨੀਆ ਭਰ 'ਚ 21 ਜੂਨ, 2024 ਨੂੰ ਰਿਲੀਜ਼ ਹੋਣ ਜਾ ਰਹੀ ਹੈ।




WALKER HOUSE
NOW SELLING
NORTH DELTA'S FLAGSHIP
HIGH-RISE COMMUNITY
WalkerHouseDelta.com
rennie

# ਭਾਜਪਾ ਨੂੰ ਆਪਣੀ ਕਾਰਗੁਜ਼ਾਰੀ ’ਤੇ ਮੰਥਨ ਕਰਨ ਦੀ ਲੋੜ

ਆਖ਼ਰ ਅਜਿਹੇ ਉਮੀਦਵਾਰਾਂ ਦੀ ਚੋਣ ਲਈ ਕੌਣ ਜ਼ਿੰਮੇਵਾਰ ਹੈ? ਭਾਜਪਾ ਨੂੰ ਜਿਨ੍ਹਾਂ ਚਾਰ ਮੁੱਖ ਰਾਜਾਂ ਵਿਚ ਜ਼ੋਰ ਦਾ ਝਟਕਾ ਲੱਗਾ ਉਹ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਬੰਗਾਲ ਤੇ ਰਾਜਸਥਾਨ ਹਨ। ਮਹਾਰਾਸ਼ਟਰ ਵਿਚ ਝਟਕੇ ਦਾ ਇਕ ਕਾਰਨ ਐੱਨਸੀਪੀ ਤੇ ਸ਼ਿਵ ਸੈਨਾ ਵਿਚ ਭੰਨ-ਤੋੜ ਨੂੰ ਮੰਨਿਆ ਜਾ ਰਿਹਾ ਹੈ।




ਮੋਦੀ ਸਰਕਾਰ ਦੀ ਤੀਜੀ ਪਾਰੀ ਸ਼ੁਰੂ ਹੋ ਗਈ। ਕੇਂਦਰੀ ਮੰਤਰੀ ਪ੍ਰੀਸ਼ਦ ਦਾ ਗਠਨ ਹੋਣ ਦੇ ਨਾਲ ਹੀ ਮੰਤਰੀਆਂ ਦੇ ਵਿਭਾਗਾਂ ਦਾ ਬਟਵਾਰਾ ਵੀ ਹੋ ਗਿਆ। ਇਸੇ ਦੇ ਨਾਲ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਦੀ ਸਥਿਰਤਾ ਨੂੰ ਲੈ ਕੇ ਜੋ ਸਵਾਲ ਉੱਠੇ ਸਨ ਜਾਂ ਚੁੱਕੇ ਜਾ ਰਹੇ ਸਨ, ਉਹ ਸਹਿਯੋਗੀ ਪਾਰਟੀਆਂ ਤੇ ਖ਼ਾਸ ਤੌਰ ’ਤੇ ਐੱਨਸੀਪੀ ਤੇ ਸ਼ਿਵ ਸੈਨਾ ਵੱਲੋਂ ਮੰਤਰੀਆਂ ਦੇ ਅਹੁਦਿਆਂ ਨੂੰ ਲੈ ਕੇ ਸ਼ਿਕਵਾ-ਸ਼ਿਕਾਇਤ ਤੋਂ ਬਾਅਦ ਵੀ ਖ਼ਾਸ ਅਹਿਮੀਅਤ ਹਾਸਲ ਨਹੀਂ ਕਰ ਰਹੇ ਹਨ।

ਇਸੇ ਤਰ੍ਹਾਂ ਇਹ ਜੋ ਕਿਆਸ ਲਗਾਏ ਜਾ ਰਹੇ ਸਨ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੇ ਮੰਤਰੀਆਂ ਦੀ ਚੋਣ ਅਤੇ ਉਨ੍ਹਾਂ ਦੇ ਵਿਭਾਗਾਂ ਦੀ ਵੰਡ ਵਿਚ ਸਹਿਯੋਗੀ ਪਾਰਟੀਆਂ ਅਤੇ ਖ਼ਾਸ ਤੌਰ ’ਤੇ ਟੀਡੀਪੀ ਤੇ ਜੇਡੀਯੂ ਦੇ ਦਬਾਅ ਦਾ ਸਾਹਮਣਾ ਕਰਨਾ ਪਵੇਗਾ, ਉਹ ਹਵਾ-ਹਵਾਈ ਹੀ ਜ਼ਿਆਦਾ ਸਾਬਿਤ ਹੋਏ ਕਿਉਂਕਿ ਜ਼ਿਆਦਾਤਰ ਅਹਿਮ ਵਿਭਾਗ ਭਾਜਪਾ ਨੇਤਾਵਾਂ ਕੋਲ ਹੀ ਗਏ। ਇਸੇ ਤਰ੍ਹਾਂ ਅਨੇਕ ਮੁੱਖ ਕੇਂਦਰੀ ਮੰਤਰੀਆਂ ਨੂੰ ਉਨ੍ਹਾਂ ਦੇ ਪੁਰਾਣੇ ਵਿਭਾਗ ਵੀ ਫਿਰ ਤੋਂ ਮਿਲ ਗਏ।

ਇਹ ਜ਼ਰੂਰੀ ਹੈ ਕਿ ਕੁਝ ਬਦਲਾਅ ਹੋਣੇ ਵੀ ਚਾਹੀਦੇ ਹਨ। ਜਿਵੇਂ ਕਿ ਜਿਨ੍ਹਾਂ ਮੰਤਰੀਆਂ ਦਾ ਕੰਮਕਾਜ ਉਮੀਦ ਮੁਤਾਬਕ ਨਹੀਂ ਰਿਹਾ, ਉਨ੍ਹਾਂ ਦੇ ਵਿਭਾਗ ਬਦਲੇ ਜਾਣੇ ਚਾਹੀਦੇ ਸਨ। ਕਿਸੇ ਮੰਤਰਾਲੇ ਦੀ ਮਿਸਾਲ ਦੇਣੀ ਹੋਵੇ ਤਾਂ ਸਿੱਖਿਆ ਮੰਤਰਾਲਾ। ਮੋਦੀ ਸਰਕਾਰ ਸਿੱਖਿਆ ਦੇ ਮੁਹਾਜ਼ ’ਤੇ ਕੁਝ ਖ਼ਾਸ ਨਹੀਂ ਕਰ ਸਕੀ ਹੈ। ਬਹੁਤ ਦੇਰ ਨਾਲ ਆਈ ਨਵੀਂ ਸਿੱਖਿਆ ਨੀਤੀ ’ਤੇ ਅਮਲ ਮੱਠੀ ਰਫ਼ਤਾਰ ਨਾਲ ਹੋ ਰਿਹਾ ਹੈ। ਕੇਂਦਰੀ ਯੂਨੀਵਰਸਿਟੀਆਂ ਤੱਕ ਵਿਚ ਕੁਲਪਤੀਆਂ ਅਤੇ ਟੀਚਿੰਗ ਸਟਾਫ ਦੀਆਂ ਅਸਾਮੀਆਂ ਖ਼ਾਲੀ ਹਨ।

ਇਸ ਤੋਂ ਇਲਾਵਾ ਜੋ ਨਿਯੁਕਤੀਆਂ ਹੋ ਰਹੀਆਂ ਹਨ, ਉਨ੍ਹਾਂ ਨੂੰ ਲੈ ਕੇ ਸਵਾਲ ਉੱਠਦੇ ਰਹੇ ਹਨ। ਇਕ ਨਿਰਾਸ਼ਾਜਨਕ ਤੱਥ ਇਹ ਵੀ ਹੈ ਕਿ ਦਸ ਸਾਲਾਂ ਬਾਅਦ ਵੀ ਪਾਠਕ੍ਰਮ ਤਬਦੀਲੀ ਦਾ ਕੰਮ ਨਾਮਾਤਰ ਹੋਇਆ ਹੈ ਅਤੇ ਉਹ ਵੀ ਉਦੋਂ ਜਦ ਸਰਕਾਰ ਦੇ ਲੋਕ ਹੀ ਇਹ ਸ਼ਿਕਾਇਤ ਕਰਦੇ ਰਹੇ ਕਿ ਭਾਵੀ ਪੀੜ੍ਹੀ ਨੂੰ ਗ਼ਲਤ ਇਤਿਹਾਸ ਪੜ੍ਹਾਇਆ ਜਾ ਰਿਹਾ ਹੈ। ਜਦ ਸੱਤਾ ਵਿਚ ਤੁਸੀਂ ਹੀ ਹੋ ਤਾਂ ਫਿਰ ਸ਼ਿਕਾਇਤ ਕਿਸ ਨੂੰ ਅਤੇ ਕਿਉਂ? ਬਦਲਾਅ ਦੀ ਜ਼ਰੂਰਤ ਸਿਰਫ਼ ਸਰਕਾਰ ਦੇ ਰੰਗ-ਢੰਗ ਅਤੇ ਕਾਰਜਪ੍ਰਣਾਲੀ ਵਿਚ ਹੀ ਨਹੀਂ ਬਲਕਿ ਸੰਗਠਨ ’ਚ ਵੀ ਹੈ।

ਇਸ ਲਈ ਹੈ ਕਿਉਂਕਿ ਜੇ ਭਾਜਪਾ ਨੇ ਸਭ ਤੋਂ ਵੱਡੀ ਪਾਰਟੀ ਦੇ ਰੂਪ ’ਚ ਉੱਭਰਨ ਤੋਂ ਬਾਅਦ ਵੀ 2019 ਦੇ ਮੁਕਾਬਲੇ 2024 ਵਿਚ 63 ਸੀਟਾਂ ਗੁਆ ਲਈਆਂ ਤਾਂ ਉਸ ਦੇ ਪਿੱਛੇ ਸਰਕਾਰ ਦੀ ਕਾਰਜਸ਼ੈਲੀ ਵੀ ਜ਼ਿੰਮੇਵਾਰ ਹੈ ਤੇ ਸੰਗਠਨ ਯਾਨੀ ਭਾਜਪਾ ਦੇ ਤੌਰ-ਤਰੀਕੇ ਵੀ। ਚੋਣ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਇਨ੍ਹਾਂ ਨਤੀਜਿਆਂ ’ਤੇ ਪੁੱਜਣ ਦੇ ਢੁੱਕਵੇਂ ਕਾਰਨ ਹਨ ਕਿ ਜੇ ਇਸ ਵਾਰ ਭਾਜਪਾ ਸਿਮਟ ਗਈ ਤਾਂ ਇਸ ਲਈ ਕਿਉਂਕਿ ਉਮੀਦਵਾਰਾਂ ਦੀ ਚੋਣ ਸਹੀ ਤਰੀਕੇ ਨਾਲ ਨਹੀਂ ਕੀਤੀ ਗਈ। ਬਾਹਰਲੇ ਜਾਂ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਉਮੀਦਵਾਰ ਤਾਂ ਬਣਾਇਆ ਹੀ ਗਿਆ, ਉਨ੍ਹਾਂ ਸੰਸਦ ਮੈਂਬਰਾਂ ਨੂੰ ਫਿਰ ਤੋਂ ਚੋਣ ਮੈਦਾਨ ਵਿਚ ਉਤਾਰ ਦਿੱਤਾ ਗਿਆ ਜਿਨ੍ਹਾਂ ਦੇ ਕੰਮਕਾਜ ਤੋਂ ਜਨਤਾ ਨਾਖ਼ੁਸ਼ ਸੀ।

ਇਸ ਵਿਚ ਵੀ ਸ਼ੰਕਾ ਨਹੀਂ ਕਿ ਭਾਜਪਾ ਉਸ ਤਰ੍ਹਾਂ ਦੀ ਸੋਸ਼ਲ ਇੰਜੀਨੀਅਰਿੰਗ ਨਹੀਂ ਕਰ ਸਕੀ ਜਿਹੋ ਜਿਹੀ ਉਸ ਦੀਆਂ ਵਿਰੋਧੀ ਪਾਰਟੀਆਂ ਨੇ ਕੀਤੀ। ਕੇਂਦਰ ਸਰਕਾਰ ਅਜਿਹਾ ਕੋਈ ਮਾਹੌਲ ਨਹੀਂ ਬਣਾ ਸਕੀ ਜੋ ਜਨਤਾ ਵਿਚਾਲੇ ਆਪਣੇ ਵਿਆਪਕ ਅਸਰ ਛੱਡਦਾ। ਸਰਕਾਰ ਤੇ ਸੰਗਠਨ ਉਸ ਮਾਹੌਲ ਦੀ ਕਾਟ ਵੀ ਨਹੀਂ ਲੱਭ ਸਕੇ ਜੋ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਵਿਰੁੱਧ ਖੜ੍ਹਾ ਕੀਤਾ ਸੀ। ਰਹਿੰਦੀ-ਖੂਹੰਦੀ ਕਸਰ ਭਾਜਪਾ ਵਰਕਰਾਂ ਦੀ ਬੇਰੁਖੀ ਨੇ ਪੂਰੀ ਕਰ ਦਿੱਤੀ। ਇਸ ਬੇਰੁਖੀ ਦੇ ਕਈ ਕਾਰਨ ਸਨ ਤੇ ਇਨ੍ਹਾਂ ’ਚੋਂ ਪ੍ਰਮੁੱਖ ਸੀ ਉਮੀਦਵਾਰਾਂ ਦੀ ਚੋਣ ਦੇਖ-ਪਰਖ਼ ਕੇ ਨਾ ਕੀਤੀ ਜਾਣੀ।

ਭਾਜਪਾ ਨੇ ਕਿਹੋ ਜਿਹੇ ਨੇਤਾਵਾਂ ਨੂੰ ਚੋਣ ਮੈਦਾਨ ’ਚ ਉਤਾਰਿਆ, ਇਸ ਦੀ ਇਕ ਮਿਸਾਲ ਹੈ ਉੱਤਰ ਪ੍ਰਦੇਸ਼ ਵਿਚ ਜੌਨਪੁਰ ਤੋਂ ਚੋਣ ਲੜੇ ਕਿਰਪਾ ਸ਼ੰਕਰ ਸਿੰਘ। ਉਹੀ ਕਿਰਪਾ ਸ਼ੰਕਰ ਸਿੰਘ ਜਿਨ੍ਹਾਂ ਨੇ ਦਿੱਗਵਿਜੈ ਸਿੰਘ ਤੇ ਮਹੇਸ਼ ਭੱਟ ਨਾਲ ਉਸ ਪੁਸਤਕ ਦੀ ਘੁੰਡ ਚੁਕਾਈ ਕੀਤੀ ਸੀ ਜਿਸ ਦਾ ਸਿਰਲੇਖ ਸੀ ‘ਮੁੰਬਈ ਹਮਲਾ-ਆਰਐੱਸਐੱਸ ਦੀ ਸਾਜ਼ਿਸ਼।’ ਜਿਸ ਭੋਜਪੁਰੀ ਗਾਇਕ ਪਵਨ ਸਿੰਘ ਨੂੰ ਭਾਜਪਾ ਦਾ ਪ੍ਰਤੀਬੱਧ ਸਿਪਾਹੀ ਮੰਨ ਕੇ ਬੰਗਾਲ ’ਚ ਆਸਨਸੋਲ ਤੋਂ ਚੋਣ ਮੈਦਾਨ ’ਚ ਉਤਾਰਿਆ ਗਿਆ, ਉਸ ਨੂੰ ਆਪਣੇ ਵਿਵਾਦਤ ਗਾਣਿਆਂ ਲਈ ਚੋਣ ਲੜਨ ਤੋਂ ਇਨਕਾਰ ਕਰਨਾ ਪਿਆ। ਇਸ ਤੋਂ ਬਾਅਦ ਜਦ ਉਸ ਹੋਰ ਕਿਤੇ ਤੋਂ ਉਮੀਦਵਾਰ ਨਾ ਬਣਾਇਆ ਗਿਆ ਤਾਂ ਉਹ ਬਿਹਾਰ ਵਿਚ ਕਾਰਾਕਾਟ ਤੋਂ ਆਜ਼ਾਦ ਉਮੀਦਵਾਰ ਦੇ ਤੌਰ ’ਤੇ ਚੋਣ ਮੈਦਾਨ ਵਿਚ ਆ ਨਿੱਤਰਿਆ। ਉੱਥੇ ਉਸ ਨੇ ਐੱਨਡੀਏ ਦੇ ਉਮੀਦਵਾਰ ਨੂੰ ਹਰਾਉਣ ਦਾ ਕੰਮ ਕੀਤਾ। ਇਸ ਤੋਂ ਇਲਾਵਾ ਉਸ ਨੇ ਕੁਝ ਹੋਰ ਸੀਟਾਂ ’ਤੇ ਵੀ ਭਾਜਪਾ ਨੂੰ ਨੁਕਸਾਨ ਪਹੁੰਚਾਇਆ।

ਭਾਜਪਾ ਦੇ ਕਮਜ਼ੋਰ ਪ੍ਰਦਰਸ਼ਨ ਦਾ ਇਕ ਕਾਰਨ ਇਹ ਵੀ ਰਿਹਾ ਕਿ ਇਸ ਵਾਰ ਵੀ ਇਹ ਮੰਨ ਲਿਆ ਗਿਆ ਕਿ ਮੋਦੀ ਨਾਮ ਦੇ ਸਹਾਰੇ ਸਭ ਦੀ ਬੇੜੀ ਪਾਰ ਲੱਗ ਜਾਵੇਗੀ ਪਰ ਜਨਤਾ ਅਸਮਰੱਥ ਤੇ ਉਮੀਦਾਂ ’ਤੇ ਖ਼ਰੇ ਨਾ ਉਤਰਨ ਵਾਲੇ ਸੰਸਦ ਮੈਂਬਰਾਂ ਤੋਂ ਤੰਗ ਆ ਚੁੱਕੀ ਸੀ। ਮੰਨਿਆ ਕਿ ਕਾਂਗਰਸ ਇੰਜ ਵਿਵਹਾਰ ਕਰ ਰਹੀ ਹੈ ਜਿਵੇਂ 99 ਸੀਟਾਂ 240 ਤੋਂ ਜ਼ਿਆਦਾ ਹਨ ਤੇ ਉਹ ਇਸ ’ਤੇ ਵਿਚਾਰ ਕਰਨ ਦਾ ਸੰਕੇਤ ਵੀ ਨਹੀਂ ਦੇ ਰਹੀ ਕਿ ਉਸ ਨੂੰ ਲਗਪਗ ਇਕ ਦਰਜਨ ਸੂਬਿਆਂ ’ਚ ਇਕ ਵੀ ਸੀਟ ਕਿਉਂ ਨਹੀਂ ਮਿਲੀ ਪਰ ਭਾਜਪਾ ਨੂੰ ਤਾਂ ਆਪਣੀਆਂ 63 ਸੀਟਾਂ ਘੱਟ ਹੋ ਜਾਣ ’ਤੇ ਡੂੰਘਾ ਮੰਥਨ ਕਰਨਾ ਹੀ ਚਾਹੀਦਾ ਹੈ।

**ਰਾਜੀਵ ਸਚਾਨ**

# ਭਾਜਪਾ ਹੁਣ ਦਿੱਲੀ ’ਚ ਝੰਡਾ ਲਹਿਰਾਉਣ ਦੀ ਤਿਆਰੀ ’ਚ

ਲੋਕ ਸਭਾ ਚੋਣਾਂ ’ਚ ਦਿੱਲੀ ਦੀਆਂ 7 ਸੀਟਾਂ ’ਤੇ ਤੀਜੀ ਵਾਰ ਕਬਜ਼ਾ ਕਰਨ ਤੋਂ ਬਾਅਦ ਹੁਣ ਭਾਜਪਾ ਦੀਆਂ ਨਜ਼ਰਾਂ ਦਿੱਲੀ ਦੀ ਸੱਤਾ ’ਤੇ ਹੈ। ਪਿਛਲੇ ਕਈ ਸਾਲਾਂ ਤੋਂ ਦਿੱਲੀ ’ਚ ਲੋਕ ਸਭਾ, ਵਿਧਾਨ ਸਭਾ ਅਤੇ ਨਗਰ ਨਿਗਮ ਚੋਣਾਂ ’ਚ ਲੋਕ ਫਤਵਾ ਵੱਖ-ਵੱਖ ਰਿਹਾ ਹੈ। ਲੋਕ ਸਭਾ ਚੋਣਾਂ 2014 ਤੋਂ ਲਗਾਤਾਰ ਭਾਜਪਾ ਜਿੱਤਦੀ ਰਹੀ ਹੈ, ਤਾਂ 2015 ਅਤੇ 2020 ਦੀਆਂ ਵਿਧਾਨ ਸਭਾ ਚੋਣਾਂ ’ਚ ‘ਆਪ’ ਨੂੰ ਜਿੱਤ ਹਾਸਲ ਹੋਈ ਹੈ। ਰਾਸ਼ਟਰੀ ਰਾਜਧਾਨੀ ’ਚ ਅਗਲੇ ਸਾਲ ਦੇ ਸ਼ੁਰੂ ’ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ (ਆਪ), ਭਾਜਪਾ ਅਤੇ ਕਾਂਗਰਸ ਨੇ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਭਾਜਪਾ ਦੀ ਕੋਸ਼ਿਸ਼ ਹੈ ਕਿ ਜਿਸ ਤਰ੍ਹਾਂ ਲੋਕ ਸਭਾ ਚੋਣਾਂ ’ਚ ਦਿੱਲੀ ’ਚ ਪਾਰਟੀ ਦੀ ਸ਼ਾਨਦਾਰ ਜਿੱਤ ਹੋਈ ਹੈ, ਉਸੇ ਤਰ੍ਹਾਂ ਇਸ ਵਾਰ ਵਿਧਾਨ ਸਭਾ ਚੋਣਾਂ ’ਚ ਵੀ ਉਸ ਦਾ ਪ੍ਰਦਰਸ਼ਨ ਬਿਹਤਰ ਰਹੇ।



ਪਿਛਲੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਇਸ ਵਾਰ ਭਾਜਪਾ ਦਾ ਵੋਟ ਸ਼ੇਅਰ ਲੱਗਭਗ 6.4 ਫੀਸਦੀ ਘੱਟ ਰਿਹਾ ਹੈ। ਭਾਜਪਾ ਨੂੰ ਪਿਛਲੀ ਵਾਰ 56 ਫੀਸਦੀ ਵੋਟਾਂ ਮਿਲੀਆਂ ਸਨ, ਜਦੋਂ ਕਿ ਇਸ ਵਾਰ 52 ਫੀਸਦੀ ਮਿਲੀਆਂ ਹਨ। ਕਾਂਗਰਸ ਅਤੇ ‘ਆਪ’ ਇਸ ਵਾਰ ਮਿਲ ਕੇ ਚੋਣਾਂ ਲੜੇ ਸਨ। ‘ਆਪ’ ਨੇ ਚਾਰ ਸੀਟਾਂ ’ਤੇ ਅਤੇ ਕਾਂਗਰਸ ਤਿੰਨ ਸੀਟ ’ਤੇ ਉਮੀਦਵਾਰ ਉਤਾਰੇ ਸਨ। ਬਾਵਜੂਦ ਇਸ ਦੇ ਦੋਵਾਂ ਦੀ ਵੋਟ ਔਸਤ ’ਚ ਜ਼ਿਆਦਾ ਬਦਲਾਅ ਨਹੀਂ ਹੋਇਆ।‘ਆਪ’ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸੁਪਰੀਮ ਕੋਰਟ ਵੱਲੋਂ ਚੋਣ ਪ੍ਰਚਾਰ ਲਈ 21 ਦਿਨ ਦੀ ਜ਼ਮਾਨਤ ਦੀ ਮਿਆਦ ਪੂਰੀ ਕਰ ਕੇ 2 ਜੂਨ ਨੂੰ ਵਾਪਸ ਤਿਹਾੜ ਜੇਲ੍ਹ ਚਲੇ ਗਏ।

ਕੇਜਰੀਵਾਲ ਦੀ ਗ਼ੈਰ-ਹਾਜ਼ਰੀ ’ਚ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਚੋਣ ਨਤੀਜਿਆਂ ਦੀ ਸਮੀਖਿਆ ਬੈਠਕ ਲਈ ਹੈ। ਇਸ ਬੈਠਕ ਤੋਂ ਬਾਅਦ ‘ਆਪ’ ਦੇ ਦਿੱਲੀ ਦੇ ਕਨਵੀਨਰ ਅਤੇ ਦਿੱਲੀ ਸਰਕਾਰ ਦੇ ਮੰਤਰੀ ਗੋਪਾਲ ਰਾਏ ਨੇ ਐਲਾਨ ਕਰ ਦਿੱਤਾ ਕਿ ਕਾਂਗਰਸ ਨਾਲ ‘ਆਪ’ ਦਾ ਗੱਠਜੋੜ ਸਿਰਫ ਲੋਕ ਸਭਾ ਚੋਣਾਂ ਲਈ ਸੀ। ‘ਆਪ’ ਵਿਧਾਨ ਸਭਾ ਚੋਣਾਂ ਇਕੱਲਿਆਂ ਲੜੇਗੀ। ਉਸ ਤੋਂ ਬਾਅਦ ਦਿੱਲੀ ਕਾਂਗਰਸ ਦੇ ਨਵੇਂ ਪ੍ਰਧਾਨ ਦੇਵੇਂਦਰ ਯਾਦਵ ਨੇ ਵੀ ਇਸ ਗੱਲ ਨੂੰ ਦੁਹਰਾਇਆ ਹੈ।

**ਕੇਜਰੀਵਾਲ ਦੇ ਮੁਕਾਬਲੇ ਦੇ ਨੇਤਾ ਦੀ ਤਲਾਸ਼:** ਨਗਰ ਨਿਗਮ ਦੀਆਂ ਚੋਣਾਂ ਲਗਾਤਾਰ ਤਿੰਨ ਵਾਰ ਭਾਜਪਾ ਨੇ ਜਿੱਤੀਆਂ ਹਨ ਪਰ ਸਾਲ 2022 ’ਚ ਨਿਗਮ ’ਤੇ ‘ਆਪ’ ਨੇ ਕਬਜ਼ਾ ਕਰ ਲਿਆ ਸੀ। ਲੋਕ ਸਭਾ ਚੋਣਾਂ ’ਤੇ ਨਜ਼ਰ ਮਾਰੀਏ ਤਾਂ ਦਿੱਲੀ ਵਿਧਾਨ ਸਭਾ ਦੀਆਂ ਕੁੱਲ 70 ਸੀਟਾਂ ’ਚੋਂ 52 ’ਤੇ ਭਾਜਪਾ ਨੂੰ ਵਾਧਾ ਮਿਲਿਆ ਹੈ। ਹਾਲਾਂਕਿ, 2019 ਦੀਆਂ ਲੋਕ ਸਭਾ ਚੋਣਾਂ ’ਚ ਭਾਜਪਾ ਨੂੰ 65 ਵਿਧਾਨ ਸਭਾ ਸੀਟ ’ਤੇ ਵਾਧਾ ਮਿਲਿਆ ਸੀ ਪਰ ਵਿਧਾਨ ਸਭਾ ਚੋਣਾਂ ’ਚ ਉਸ ਨੂੰ ਸਿਰਫ 8 ਸੀਟਾਂ ਹੀ ਮਿਲ ਸਕੀਆਂ।

ਦਰਅਸਲ ਭਾਜਪਾ ਲਈ ਵੱਡੀ ਚੁਣੌਤੀ ਮੁੱਖ ਮੰਤਰੀ ਕੇਜਰੀਵਾਲ ਦੇ ਮੁਕਾਬਲੇ ਦਿੱਲੀ ’ਚ ਨੇਤਾ ਤਿਆਰ ਕਰਨ ਦੀ ਹੈ। ਇਸ ਵਾਰ ਦਿੱਲੀ ਦੀਆਂ ਸਾਰੀਆਂ ਸੱਤੇ ਲੋਕ ਸਭਾ ਸੀਟਾਂ ’ਤੇ ਲਗਾਤਾਰ ਆਮ ਆਦਮੀ ਪਾਰਟੀ ਦੇ ਹਾਰ ਦੇ ਪਿੱਛੇ ਕਈ ਕਾਰਨ ਦੱਸੇ ਜਾ ਰਹੇ ਹਨ। ਜਾਣਕਾਰਾਂ ਦਾ ਕਹਿਣਾ ਹੈ ਕਿ ਇਨ੍ਹਾਂ ’ਚ ‘ਆਪ’ ਦੇ ਨੇਤਾਵਾਂ ’ਤੇ ਲੱਗ ਰਹੇ ਦੋਸ਼ਾਂ ਦਾ ਜਨਤਾ ’ਤੇ ਪ੍ਰਭਾਵ ਵੀ ਇਕ ਕਾਰਨ ਹੋ ਸਕਦਾ ਹੈ।

ਮੰਨਿਆ ਜਾ ਰਿਹਾ ਹੈ ਕਿ ਚੋਣ ਪ੍ਰਚਾਰ ਦੌਰਾਨ 21 ਮਾਰਚ ਨੂੰ ਮੁੱਖ ਮੰਤਰੀ ਕੇਜਰੀਵਾਲ ਦੀ ਕਥਿਤ ਸ਼ਰਾਬ ਘਪਲੇ ’ਚ ਗ੍ਰਿਫਤਾਰੀ, 10 ਮਈ ਨੂੰ ਚੋਣ ਪ੍ਰਚਾਰ ਲਈ ਉਨ੍ਹਾਂ ਦਾ ਤਿੰਨ ਹਫਤੇ ਲਈ ਜ਼ਮਾਨਤ ’ਤੇ ਆਉਣਾ ਅਤੇ ‘ਆਪ’ ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਦੀ ਕੇਜਰੀਵਾਲ ਦੇ ਸਰਕਾਰੀ ਨਿਵਾਸ ’ਤੇ ਕਥਿਤ ਕੁੱਟਮਾਰ ਦੇ ਦੋਸ਼ ਨੇ ਰਾਜਨੀਤੀ ਦੇ ਸਮੀਕਰਨਾਂ ’ਤੇ ਅਸਰ ਪਾਇਆ ਹੈ। ਉੱਥੇ ਹੀ ‘ਆਪ’ ਦੇ ਸੀਨੀਅਰ ਨੇਤਾ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਸ਼ਰਾਬ ਘਪਲੇ ’ਚ ਅਜੇ ਤੱਕ ਜ਼ਮਾਨਤ ਨਹੀਂ ਮਿਲ ਸਕੀ ਹੈ।

# ਚੋਣ ਸਰਵੇਖਣਾਂ ਦਾ ਕੱਚ-ਸੱਚ

ਭਾਰਤ ਦੀਆਂ ਆਮ ਚੋਣਾਂ ’ਚ ਕਈ ਹਫਤਿਆਂ ਦੇ ਭਾਰਤ ਇਕ ਵੱਡੇ ਸਾਰੇ ਪ੍ਰਚਾਰ ਦੇ ਬਾਅਦ ਵੋਟਾਂ ਪੈਣ ਦਾ ਕੰਮ 1 ਜੂਨ ਨੂੰ ਖਤਮ ਹੋ ਗਿਆ।

ਇਸ ਦੇ ਤੁਰੰਤ ਬਾਅਦ ਮੀਡੀਆ ਕਈ ਸਰਵੇਖਣ ਕਰਨ ਵਾਲਿਆਂ ਦਾ ਵਿਸ਼ਲੇਸ਼ਣ ਕਰਨ ਲਈ ਦੌੜ ਪਿਆ। ਸਾਰੇ ਸਰਵੇਖਣਾਂ ਨੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਵੱਡੀ ਜਿੱਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤੀਜੇ ਕਾਰਜਕਾਲ ਦਾ ਸੰਕੇਤ ਦਿੱਤਾ। ਸਰਵੇਖਣਾਂ ਅਨੁਸਾਰ ਸਾਜ਼ਿਸ਼ ਇਹ ਸੀ ਕਿ ਭਾਜਪਾ ਦੀ ਜਿੱਤ ਕਿੰਨੀ ਮਹੱਤਵਪੂਰਨ ਹੋਵੇਗੀ, 543 ਸੀਟਾਂ ਵਾਲੀ ਸੰਸਦ ’ਚ 281 ਤੋਂ 401 ਸੀਟਾਂ ਤੱਕ ਦੀ ਭਵਿੱਖਬਾਣੀ ਕੀਤੀ ਗਈ ਸੀ। ਇਹ ਵਿਸਥਾਰਤ ਲੜੀ ਦਰਸਾਉਂਦੀ ਹੈ ਕਿ ਸਾਡੇ ਵਰਗੇ ਵੱਡੇ ਅਤੇ ਵੰਨ-ਸੁਵੰਨਤਾ ਵਾਲੇ ਦੇਸ਼ ’ਚ ਸੀਟਾਂ ਦੀ ਗਿਣਤੀ ਦਾ ਅੰਦਾਜ਼ਾ ਲਾਉਣਾ ਕਿੰਨਾ ਔਖਾ ਹੈ। 2024 ਦੁਨੀਆ ਭਰ ’ਚ ਇਕ ਮਹੱਤਵਪੂਰਨ ਚੋਣਾਂ ਵਾਲਾ ਸਾਲ ਹੋਣ ਦੇ ਕਾਰਨ ਚੋਣਾਂ ਨੂੰ ਡੂੰਘੀ ਜਾਂਚਦਾਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਯੁੱਗ ’ਚ ਜਿੱਥੇ ਡਾਟਾ ਜਨਤਕ ਭਾਵਨਾ ਨੂੰ ਮਾਪਣ ਅਤੇ ਚੋਣ ਨਤੀਜਿਆਂ ਦੀ ਭਵਿੱਖਬਾਣੀ ਕਰਨ ਲਈ ਮਹੱਤਵਪੂਰਨ ਹੈ। ਇੱਥੋਂ ਤੱਕ ਕਿ ਸਭ ਤੋਂ ਸੋਧੇ ਐਲਗੋਰਿਦਮ ਅਤੇ ਪ੍ਰਣਾਲੀਆਂ ਵੀ ਕਦੀ-ਕਦੀ ਅਣਕਿਆਸੇ ਗਲਤ ਅੰਦਾਜ਼ੇ ਲਾ ਸਕਦੀਆਂ ਹਨ ਜੋ ਵਿਸ਼ਲੇਸ਼ਕਾਂ ਅਤੇ ਜਨਤਾ ਨੂੰ ਸਮਾਨ ਤੌਰ ‘ਤੇ ਹੈਰਾਨ ਕਰ ਦਿੰਦੀਆਂ ਹਨ।

ਉਦਾਹਰਣ ਲਈ 2016 ਅਤੇ 2020 ’ਚ ਅਮਰੀਕੀ ਚੋਣਾਂ ਅਤੇ 2016 ਦੀ ਬ੍ਰੈਗਜ਼ਿਟ ਰਾਏਸ਼ੁਮਾਰੀ ਨੇ ਚੋਣਾਂ ਦੀ ਭਰੋਸੇਯੋਗਤਾ ਅਤੇ ਪ੍ਰਭਾਵ ਦੇ ਬਾਰੇ ’ਚ ਸ਼ੱਕ ਪੈਦਾ ਕਰ ਦਿੱਤਾ ਹੈ।

ਵਧੇਰੇ ਪ੍ਰਮੁੱਖ ਸਰਵੇਖਣਾਂ ਨੇ ਡੋਨਾਲਡ ਟਰੰਪ ‘ਤੇ ਹਿਲੇਰੀ ਕਲਿੰਟਨ ਦੀ ਜਿੱਤ ਦੀ ਭਵਿੱਖਬਾਣੀ ਕੀਤੀ। ਅਸਲੀਅਤ ਤਾਂ ਇਹ ਸੀ ਕਿ ਡੋਨਾਲਡ ਟਰੰਪ ਚੋਣ ਜਿੱਤ ਗਏ ਸਨ। ਸਰਵੇਖਣਾਂ ’ਚ ਸਵਿੰਗ ਸੂਬਿਆਂ ’ਚ ਟਰੰਪ ਦੇ ਸਮਰਥਨ ਨੂੰ ਘੱਟ ਕਰ ਕੇ ਮਾਪਿਆ ਗਿਆ ਅਤੇ ਉਨ੍ਹਾਂ ਆਬਾਦੀ ਸਮੂਹਾਂ ਨੂੰ ਧਿਆਨ ’ਚ ਰੱਖਣ ’ਚ ਅਸਫਲ ਰਹੇ ਜੋ ਟਰੰਪ ਲਈ ਆਸ ਤੋਂ ਵੱਧ ਵੱਡੀ ਗਿਣਤੀ ’ਚ ਆਏ ਸਨ।

2016 **ਬ੍ਰੈਗਜਿਟ ਰਾਏਸ਼ੁਮਾਰੀ** : ਸਰਵੇਖਣਾਂ ਤੋਂ ਪਤਾ ਲੱਗਾ ਕਿ‘ਬਚਿਆ ਹੋਇਆ ਧੜਾ ਜਿੱਤੇਗਾ। ਹਾਲਾਂਕਿ ‘ਛੱਡੀ ਧਿਰ ਨੂੰ 52 ਫੀਸਦੀ ਵੋਟਾਂ ਮਿਲੀਆਂ। ਸਰਵੇਖਣਕਰਤਾ ਬਜ਼ੁਰਗ ਵੋਟਰਾਂ ਅਤੇ ਆਰਥਿਕ ਤੌਰ ‘ਤੇ ਵਾਂਝੇ ਖੇਤਰਾਂ ’ਚ ‘ਛੱਡਣ’ ਲਈ ਵੱਧ ਚਾਹਵਾਨ ਲੋਕਾਂ ਦੇ ਦਰਮਿਆਨ ਭਾਰੀ ਵੋਟਾਂ ਪੁਆਉਣ ਤੋਂ ਖੁੰਝ ਗਏ ਸਨ। 2015 ਯੂ. ਕੇ ਆਮ ਚੋਣਾਂ : ਸਰਵੇਖਣਾਂ ’ਚ ਕੰਜ਼ਰਵੇਟਿਵ ਪਾਰਟੀ ਅਤੇ ਲੇਬਰ ਪਾਰਟੀ ਦੇ ਦਰਮਿਆਨ ਸਖਤ ਮੁਕਾਬਲੇਬਾਜ਼ੀ ਦਾ ਸੁਝਾਅ ਦਿੱਤਾ ਗਿਆ ਪਰ ਕੰਜ਼ਰਵੇਟਿਵ ਪਾਰਟੀ ਨੇ ਸਪੱਸ਼ਟ ਬਹੁਮਤ ਹਾਸਲ ਕੀਤਾ। ਕਾਰਜਪ੍ਰਣਾਲੀ ਸਬੰਧੀ ਮੁੱਦਿਆਂ ਅਤੇ ‘ਸ਼ਰਮੀਲੇ ਟੋਰੀ’ ਵੋਟਰਾਂ ਨੂੰ ਘੱਟ ਮਿੱਥਣ ਦੇ ਕਾਰਨ ਇਹ ਗ਼ਲਤ ਮਿਥਿਆ ਗਿਆ।

2019 **ਆਸਟ੍ਰੇਲੀਆਈ ਸੰਘੀ ਚੋਣਾਂ** : ਸਰਵੇਖਣਾਂ ਨੇ ਲਿਬਰਲ-ਨੈਸ਼ਨਲ ਗੱਠਜੋੜ ‘ਤੇ ਆਸਟ੍ਰੇਲੀਆਈ ਲੇਬਰ ਪਾਰਟੀ ਦੀ ਜਿੱਤ ਦੀ ਭਵਿੱਖਬਾਣੀ ਕੀਤੀ। ਹਾਲਾਂਕਿ, ਲਿਬਰਲ-ਨੈਸ਼ਨਲ ਗੱਠਜੋੜ ਨੇ ਬਹੁਮਤ ਹਾਸਲ ਕੀਤਾ।ਚੋਣਾਂ, ਖਾਸ ਕਰ ਕੇ ਕਵੀਜ਼ਲੈਂਡ ਅਤੇ ਪੱਛਮੀ ਆਸਟ੍ਰੇਲੀਆ ’ਚ ਵੋਟਰਾਂ ਦੇ ਸਮਰਥਨ ਨੂੰ ਹਾਸਲ ਕਰਨ ’ਚ ਅਸਫਲ ਰਹੀਆਂ।

2019 **ਇਜਰਾਈਲੀ ਚੋਣਾਂ** : ਸਰਵੇਖਣਾਂ ਨੇ ਸੰਕੇਤ ਦਿੱਤਾ ਕਿ ਬਲਿਊ ਐਂਡ ਵ੍ਹਾਈਟ ਪਾਰਟੀ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਦੀ ਲਿਕੁਡ ਪਾਰਟੀ ‘ਤੇ ਜਿੱਤ ਹਾਸਲ ਕਰੇਗੀ। ਦਰਅਸਲ, ਲਿਕੁਡ ਅਤੇ ਉਸ ਦੇ ਸਹਿਯੋਗੀਆਂ ਨੇ ਗੱਠਜੋੜ ਬਣਾਇਆ, ਜਿਸ ਨਾਲ ਨੇਤਨਯਾਹੂ ਸੱਤਾ ’ਚ ਬਣੇ ਰਹਿ ਸਕੇ। ਸਰਵੇਖਣ ਕਰਨ ਵਾਲਿਆਂ ਨੇ ਨੇਤਨਯਾਹੂ ਦੇ ਆਧਾਰ ਦੇ ਦਰਮਿਆਨ ਵੋਟਿੰਗ ਫੀਸਦੀ ਅਤੇ ਉਨ੍ਹਾਂ ਦੀ ਆਖਰੀ ਸਮੇਂ ਦੀ ਪ੍ਰਚਾਰ ਮੁਹਿੰਮ ਦੇ ਪ੍ਰਭਾਵ ਨੂੰ ਘੱਟ ਕਰ ਕੇ ਮਾਪਿਆ। ਇਹ ਉਦਾਹਰਣਾਂ ਵੋਟਿੰਗ ਦੀਆਂ ਗੁੰਝਲਤਾਵਾਂ ਅਤੇ ਅੰਤਰਨਿਹਿਤ ਅਨਿਸ਼ਚਿਤਤਾਵਾਂ ਨੂੰ ਉਜਾਗਰ ਕਰਦੀਆਂ ਹਨ। ਉਹ ਮਨੁੱਖੀ ਵਿਵਹਾਰ ਦੀ ਅਣਕਿਆਸੀ ਕਿਸਮ ਨੂੰ ਬਿਹਤਰ ਢੰਗ ਨਾਲ ਫੜਨ ਲਈ ਵੋਟਿੰਗ ਪ੍ਰਣਾਲੀਆਂ ’ਚ ਲਗਾਤਾਰ ਸੁਧਾਰ ਦੀ ਲੋੜ ਦੀ ਯਾਦ ਦਿਵਾਉਂਦੀਆਂ ਹਨ। ਭਾਰਤ ’ਚ ਪਿਛਲੇ ਢਾਈ ਦਹਾਕਿਆਂ ’ਚ ਇਲੈਕਟ੍ਰੋਨਿਕ ਮੀਡੀਆਂ ਦੇ ਤੇਜ਼ੀ ਨਾਲ ਵਿਕਾਸ ਦੇ ਨਾਲ ਐਗਜ਼ਿਟ ਪੋਲ ਵਿਆਪਕ ਹੋ ਗਏ ਹਨ। ਹਾਲਾਂਕਿ ਲੋਕ-ਪ੍ਰਤੀਨਿਧੀ ਕਾਨੂੰਨ, 1951 ਦੀ ਧਾਰਾ 126 ਏ, ਵੋਟਿੰਗ ਖਤਮ ਹੋਣ ਤੱਕ ਐਗਜ਼ਿਟ ਪੋਲ ਦੇ ਨਤੀਜਿਆਂ ਨੂੰ ਆਯੋਜਿਤ ਕਰਨ ਅਤੇ ਪ੍ਰਸਾਰਿਤ ਕਰਨ ‘ਤੇ ਰੋਕ ਲਗਾਉਂਦੀ ਹੈ। ਇਸ ਲਈ ਕੋਈ ਇਹ ਪੁੱਛ ਸਕਦਾ ਹੈ ਕਿ ਕੀ ਉਹ ਅਸਲ ’ਚ ਮਹੱਤਵਪੂਰਨ ਹਨ ? ਇਹ ਦੇਖਦੇ ਹੋਏ ਕਿ ਅਧਿਕਾਰਤ ਚੋਣ ਨਤੀਜੇ ਕੁਝ ਹੀ ਦਿਨਾਂ ’ਚ ਐਲਾਨੇ ਜਾਂਦੇ ਹਨ ? ਉਹ ਕੀ ਕਦਰਾਂ-ਕੀਮਤਾਂ ਪ੍ਰਦਾਨ ਕਰਦੇ ਹਨ ? ਇਸ ਗੱਲ ‘ਤੇ ਚਰਚਾ ਹੋਈ ਹੈ ਕਿ ਉਨ੍ਹਾਂ ‘ਤੇ ਪਾਬੰਦੀ ਵੀ ਲਗਾਈ ਜਾਣੀ ਚਾਹੀਦੀ ਹੈ।

2004 ’ਚ ਵਾਜਪਾਈ ਦੀ ਵਾਪਸੀ ਦੀ ਭਵਿੱਖਬਾਣੀ, ਬ੍ਰੈਗਜ਼ਿਟ ਦੀ ‘ਸੋਧ’ ਵੋਟ ਅਤੇ ਹਿਲੇਰੀ ਕਲਿੰਟਨ ਦੀ ਜਿੱਤ ਵਰਗੀਆਂ ਤਰੁੱਟੀਆਂ ਦੇ ਬਾਵਜੂਦ ਚੰਗੇ ਸਰਵੇਖਣ ਆਮ ਤੌਰ ‘ਤੇ ਨੁਕਸਾਨ ਦੀ ਤੁਲਨਾ ’ਚ ਵੱਧ ਚੰਗਾ ਕਰਦੇ ਹਨ।

ਐਕਸਿਸ ਮਾਈ ਇੰਡੀਆ ਅਤੇ ਟੂਡੇਜ਼ ਚਾਣੱਕਿਆ ਵਰਗੇ ਭਾਰਤੀ ਸਰਵੇਖਣ ਕਰਨ ਵਾਲਿਆਂ ਨੇ ਆਪਣੇ ਅੰਦਾਜ਼ੇ ’ਚ ਸਟੀਕਤਾ ਦਿਖਾਈ ਹੈ, ਜਿਸ ਨਾਲ ਅਕਸਰ ਜੇਤੂ ਸਹੀ ਸਾਬਤ ਹੁੰਦਾ ਹੈ। ਫਿਰ ਕਾਰਜਪ੍ਰਣਾਲੀ ਸਬੰਧੀ ਖਾਮੀਆਂ ਅਤੇ ਮੀਡੀਆ ਦੇ ਸੰਪੂਰਨ ਖੁਲਾਸਿਆਂ ਨੂੰ ਰੋਕਣ ਦੀ ਬੇਭਰੋਸਗੀ ਬਣੀ ਰਹਿੰਦੀ ਹੈ, ਪ੍ਰਵਿਰਤੀ ਦੇ ਕਾਰਨ ਜਨਤਾ ’ਚ ਜਿਸ ਦੇ ਨਤੀਜੇ ਵਜੋਂ ਅਕਸਰ ਵੋਟਿੰਗ ਡਾਟਾ ਦਾ ਭਰਮਾਊ ਚਿਤਰਣ ਹੁੰਦਾ ਹੈ। ਜਦਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਸੰਵਿਧਾਨਕ ਅਧਿਕਾਰ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ।

**ਹੈਰੀ ਜੈਸਿੰਘ**

## CLASSIFIED - MATRIMONIAL - EMPLOYEMENT - RENTAL

TO ADVERTISE IN OUR CLASSIFIED SECTION >> CALL: 604-507-8009 OR E-MAIL: punjabijournal@gmail.com


### ਅਖਬਾਰ ਡਿਲੀਵਰੀ ਵਾਲੇ ਦੀ ਲੋੜ

ਵੈਨਕੂਵਰ, ਬਰਨਬੀ, ਰਿਚਮੰਡ ’ਚ ਅਖਬਾਰ ਦੀ ਡਿਲੀਵਰੀ ਕਰਨ ਵਾਲਿਆਂ ਦੀ ਲੋੜ ਹੈ। ਉਮੀਦਵਾਰ ਕੋਲ ਆਪਣੀ ਵੈਨ ਜਾਂ ਢੁਕਵਾਂ ਸਾਧਨ ਹੋਣਾ ਚਾਹੀਦਾ ਹੈ। ਤਨਖਾਹ $15 ਪ੍ਰਤੀ ਘੰਟਾ ਦਿੱਤੀ ਜਾਵੇਗੀ। ਆਪਣਾ ਫੋਨ ਨੰ: ਸਾਨੂੰ ਈ-ਮੇਲ ’ਚ ਭੇਜੋ ਅਸੀਂ ਤੁਹਾਨੂੰ ਫੋਨ ਕਰਾਂਗੇ। ਚਾਹਵਾਨ ਹੋਰ ਜਾਣਕਾਰੀ ਲਈ ਈਮੇਲ ਕਰ ਸਕਦੇ ਹਨ: infoswmedia@gmail.com

ਪੰਚਕੁਲਾ, ਚੰਡੀਗੜ੍ਹ, ਮੁਹਾਲੀ ਅਤੇ ਜ਼ੀਰਕਪੁਰ ਵਿਖੇ ਜਾਇਦਾਦ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।

ਮੋਬਾਇਲ ਨੰਬਰ :
+91-987-604-7722
ਅਗਰਵਾਲ ਪ੍ਰਾਪਰਟੀ ਕੰਸਲਟੈਂਟ (ਰਜਿ:)
ਪੰਚਕੂਲਾ, ਹਰਿਆਣਾ (ਇੰਡੀਆ)

### WE ARE HIRING

Hiring sales clerk
for family run sewing store.
Sewing, cash, computer
skills required.
English essential.
Full/part time.
Email resume to
info@tomssewing.com

### ਸੇਲ ਕਲਰਕ ਦੀ ਲੋੜ

ਪਰਿਵਾਰ ਦੁਆਰਾ ਚਲਾਏ ਜਾਣ ਵਾਲੇ ਸਿਲਾਈ ਸਟੋਰ ਲਈ ਸੇਲ ਕਲਰਕ ਦੀ ਲੋੜ ਹੈ।
ਅੰਗਰੇਜ਼ੀ ਬੋਲਣੀ ਆਉਣੀ ਲਾਜ਼ਮੀ
ਸਿਲਾਈ ਕਰਨੀ ਅਤੇ ਕੰਪਿਊਟਰ ਚਲਾਉਣਾ ਆਣਾ ਚਾਹੀਦਾ ਹੈ।
(ਫੁੱਲ ਟਾਈਮ/ਪਾਰਟ ਟਾਈਮ)
ਆਪਣਾ ਬਾਇਓ ਡੈਟਾ ਭੇਜੋ
info@tomssewing.com

Heart&Stroke™

ਸਟਰੋਕ ਦੇ ਲੱਛਣ

F ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
A rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
S peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
T ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 911 ’ਤੇ ਫ਼ੋਨ ਕਰੋ

Learn the signs, act FAST and call 9-1-1.

heartandstroke.ca/FAST

© Heart and Stroke Foundation of Canada, 2017 | ™The heart and / Icon on its own or followed by another icon or words in English are trademarks of the Heart and Stroke Foundation of Canada.

### REAL PLUMBING

EMERGENCY SERVICE
7 DAYS A WEEK



FAST SERVICE

HOT WATER TANKS SOLD - SERVICED AND REMOVED

ਕਿਸੇ ਵੀ ਤਰ੍ਹਾਂ ਦੀ ਪਲਬਿੰਗ ਦੀ ਪ੍ਰੋਬਲਮ ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096

### BUDGET KITCHEN CABINETS LTD.

"Since 1985"

Specialized in European Style & Traditional Style 90% Wrap, Full Wrap M.D.F. Solid Oak, Panel Oak, and Maple. Kitchen Cabinets



13140 - 88th Ave. Surrey

Bus: 604-591-5586 Cell: 604-351-3804

### RIGHTWAY PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing,
- Power Washing,
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759

# ਚੋਣਾਂ 'ਚ ਪ੍ਰਦਰਸ਼ਨ ਦੀ ਸਮੀਖਿਆ ਕਰਨ 'ਚ ਜੁਟੀ ਭਾਜਪਾ



ਐੱਨ. ਡੀ. ਏ. ਸਰਕਾਰ ਦੇ ਮੰਤਰੀਆਂ ਵੱਲੋਂ ਅਹੁਦਾ ਸੰਭਾਲਣ ਦੇ ਨਾਲ ਹੀ ਭਾਜਪਾ ਨੇ ਦੇਸ਼ ਭਰ 'ਚ ਆਪਣੇ ਸੰਗਠਨ ਦੇ ਪੁਨਰਗਠਨ ਦੇ ਨਾਲ-ਨਾਲ ਲੋਕ ਸਭਾ 'ਚ ਆਪਣੇ ਪ੍ਰਦਰਸ਼ਨ ਦੀ ਸਮੀਖਿਆ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਦੀ ਸ਼ੁਰੂਆਤ ਨਵੀਂ ਮੈਂਬਰਸ਼ਿਪ ਮੁਹਿੰਮ ਨਾਲ ਹੋਣ ਦੀ ਉਮੀਦ ਹੈ ਅਤੇ ਇਹ ਨਵੇਂ ਪਾਰਟੀ ਪ੍ਰਧਾਨ ਦੀ ਚੋਣ ਦੇ ਨਾਲ ਸਮਾਪਤ ਹੋਵੇਗੀ।

ਇਕ ਰਿਪੋਰਟ ਮੁਤਾਬਕ ਇਹ ਵੀ ਕਿਹਾ ਜਾ ਰਿਹਾ ਹੈ ਕਿ ਫਿਲਹਾਲ ਨਵੇਂ ਪ੍ਰਧਾਨ ਦੀ ਚੋਣ ਜਲਦੀ ਨਹੀਂ ਹੋਣ ਵਾਲੀ ਹੈ। ਇਸ ਲਈ ਮੌਜੂਦਾ ਪ੍ਰਧਾਨ ਜੇ. ਪੀ. ਨੱਡਾ ਦਾ ਕਾਰਜਕਾਲ ਚੋਣਾਂ ਤੱਕ ਜਾਰੀ ਰਹਿ ਸਕਦਾ ਹੈ ਜਾਂ ਨਵਾਂ ਕਾਰਜਕਾਰੀ ਪ੍ਰਧਾਨ ਵੀ ਨਿਯੁਕਤ ਕੀਤਾ ਜਾ ਸਕਦਾ ਹੈ।

**ਪਹਿਲਾ ਕਾਰਜਕਾਰੀ ਪ੍ਰਧਾਨ ਚੁਣੇ ਜਾਣ ਦੀ ਸੰਭਾਵਨਾ:**

ਹਾਲਾਂਕਿ ਨੱਡਾ ਦਾ ਕਾਰਜਕਾਲ 30 ਜੂਨ ਨੂੰ ਖਤਮ ਹੋ ਰਿਹਾ ਹੈ ਪਰ ਭਾਜਪਾ ਵੱਲੋਂ ਸੰਵਿਧਾਨ ਵਿਚ ਇਕ ਤਾਜ਼ਾ ਸੋਧ ਨੇ ਸੰਸਦੀ ਬੋਰਡ ਨੂੰ ਉਨ੍ਹਾਂ ਦੇ ਕਾਰਜਕਾਲ ਸਮੇਤ ਐਮਰਜੈਂਸੀ ਸਥਿਤੀਆਂ ਵਿੱਚ ਸਪੀਕਰ ਨਾਲ ਸਬੰਧਤ ਫੈਸਲੇ ਲੈਣ ਦਾ ਅਧਿਕਾਰ ਦਿੱਤਾ ਹੈ, ਜਿਸ 'ਚ ਉਨ੍ਹਾਂ ਦਾ ਕਾਰਜਕਾਲ ਵੀ ਸ਼ਾਮਲ ਹੈ।

ਸੂਤਰਾਂ ਨੇ ਕਿਹਾ ਕਿ ਬੋਰਡ ਨੱਡਾ ਦੇ ਕਾਰਜਕਾਲ ਨੂੰ ਉਦੋਂ ਤੱਕ ਵਧਾ ਸਕਦਾ ਹੈ, ਜਦੋਂ ਤੱਕ ਉਨ੍ਹਾਂ ਦੇ ਬਦਲ ਲਈ ਚੋਣ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ।ਪਾਰਟੀ ਦੇ ਇਕ ਨੇਤਾ ਨੇ ਕਿਹਾ ਕਿ ਇਹ ਇਕ ਅਜਿਹਾ ਫੈਸਲਾ ਹੈ, ਜੋ ਚੋਟੀ ਦੀ ਲੀਡਰਸ਼ਿਪ ਨੂੰ ਲੈਣਾ ਚਾਹੀਦਾ ਹੈ। 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਪ੍ਰਧਾਨ ਰਹੇ ਅਮਿਤ ਸ਼ਾਹ ਦੇ ਸਰਕਾਰ 'ਚ ਚਲੇ ਜਾਣ 'ਤੇ ਨੱਡਾ ਨੇ ਕਾਰਜਕਾਰੀ ਪ੍ਰਧਾਨ ਵਜੋਂ ਭਾਜਪਾ ਦੀ ਕਮਾਨ ਸੰਭਾਲੀ ਅਤੇ ਜਨਵਰੀ 2020 'ਚ ਉਨ੍ਹਾਂ ਨੂੰ ਪੂਰਨ ਪ੍ਰਧਾਨ ਦੇ ਤੌਰ 'ਤੇ ਚੁਣਿਆ ਗਿਆ ਸੀ।

ਇਸ ਲਈ ਅਜਿਹੀ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਪਹਿਲਾਂ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਜਾਵੇਗਾ ਅਤੇ ਫਿਰ ਭਾਜਪਾ ਆਪਣਾ ਪੂਰਨਕਾਲਿਕ ਪ੍ਰਧਾਨ ਚੁਣੇਗੀ। ਇਸ ਦਾ ਇਕ ਹੋਰ ਕਾਰਨ ਇਹ ਹੈ ਕਿ ਭਾਜਪਾ ਦੇਸ਼ ਭਰ ਦੇ ਸੂਬਿਆਂ 'ਚ ਜਥੇਬੰਦਕ ਬਦਲਾਅ ਵੀ ਲਿਆਉਣਾ ਚਾਹੁੰਦੀ ਹੈ। ਕਈ ਨਾਵਾਂ 'ਤੇ ਚੱਲ ਰਹੀ ਹੈ ਚਰਚਾ

ਸੂਤਰਾਂ ਦੇ ਹਵਾਲੇ ਨਾਲ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਪਾਰਟੀ ਦੇ ਕਈ ਸੀਨੀਅਰ ਅਤੇ ਤਜ਼ਰਬੇਕਾਰ ਨੇਤਾਵਾਂ ਨੂੰ ਮੌਜੂਦਾ ਸਰਕਾਰ 'ਚ ਸ਼ਾਮਲ ਕਰਨ ਨਾਲ ਪਾਰਟੀ ਪ੍ਰਧਾਨ ਲਈ ਉਮੀਦਵਾਰਾਂ ਦਾ ਦਾਇਰਾ ਘਟ ਗਿਆ ਹੈ, ਜਿਨ੍ਹਾਂ ਨਾਵਾਂ ਦੀ ਚਰਚਾ ਹੋ ਰਹੀ ਹੈ, ਉਨ੍ਹਾਂ ਵਿਚ ਮਹਾਰਾਸ਼ਟਰ ਦੇ ਨੇਤਾ ਵਿਨੋਦ ਤਾਵੜੇ, ਦੇਵੇਂਦਰ ਫੜਨਵੀਸ, ਭਾਜਪਾ ਦੇ ਸੀਨੀਅਰ ਨੇਤਾ ਓਮ ਮਾਥੁਰ, ਕੇ. ਲਕਸ਼ਮਣ, ਸੁਨੀਲ ਬਾਂਸਲ, ਸਮ੍ਰਿਤੀ ਇਰਾਨੀ ਅਤੇ ਅਨੁਰਾਗ ਠਾਕੁਰ ਸ਼ਾਮਲ ਹਨ।

ਪਾਰਟੀ ਨਵੇਂ ਪ੍ਰਧਾਨ ਦੀ ਚੋਣ ਤੋਂ ਪਹਿਲਾਂ ਨਵੀਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰੇਗੀ ਅਤੇ ਫਿਰ ਸੂਬਿਆਂ 'ਚ ਸੰਗਠਨ ਚੋਣਾਂ ਕਰਵਾਏਗੀ। ਸਿਆਸੀ ਪਾਰਟੀਆਂ ਦੇ ਪ੍ਰਧਾਨ ਦੀ ਚੋਣ ਲਈ ਤੈਅ ਨਿਯਮਾਂ ਮੁਤਾਬਕ ਪ੍ਰਧਾਨ ਚੁਣੇ ਜਾਣ ਤੋਂ ਪਹਿਲਾਂ ਘੱਟੋ-ਘੱਟ 50 ਫ਼ੀਸਦੀ ਸੂਬਿਆਂ 'ਚ ਪਾਰਟੀ ਸੰਗਠਨ ਦੀਆਂ ਚੋਣਾਂ ਮੁਕੰਮਲ ਕਰਨੀਆਂ ਜ਼ਰੂਰੀ ਹਨ।ਅਜਿਹੇ 'ਚ ਜਾਂ ਤਾਂ ਨੱਡਾ ਦਾ ਕਾਰਜਕਾਲ ਵਧਾਇਆ ਜਾਵੇਗਾ ਜਾਂ ਫਿਰ ਕਿਸੇ ਨੇਤਾ ਨੂੰ ਫਿਲਹਾਲ ਕਾਰਜਕਾਰੀ ਪ੍ਰਧਾਨ ਬਣਾ ਕੇ ਕੰਮ ਚਲਾਇਆ ਜਾਵੇਗਾ।

**2027 'ਚ ਯੂ. ਪੀ. 'ਚ ਮੁੜ ਸੱਤਾ ਹਾਸਲ ਕਰਨਾ ਵੱਡੀ ਚੁਣੌਤੀ:**

ਆਮ ਚੋਣਾਂ 'ਚ ਯੂ. ਪੀ., ਰਾਜਸਥਾਨ, ਬਿਹਾਰ, ਹਰਿਆਣਾ, ਪੱਛਮੀ ਬੰਗਾਲ ਸਮੇਤ ਕਈ ਸੂਬਿਆਂ 'ਚ ਔਸਤ ਪ੍ਰਦਰਸ਼ਨ ਕਾਰਨ ਭਾਜਪਾ ਬਹੁਮਤ ਤੋਂ ਖੁੰਝ ਗਈ ਹੈ। ਪਾਰਟੀ ਦੇ ਨਵੇਂ ਪ੍ਰਧਾਨ ਨੂੰ ਅਜਿਹੇ ਸੂਬਿਆਂ 'ਚ ਸੰਗਠਨ ਨੂੰ ਸੁਚਾਰੂ ਬਣਾਉਣਾ ਹੋਵੇਗਾ। ਇਸ ਤੋਂ ਇਲਾਵਾ ਇਸ ਸਾਲ ਝਾਰਖੰਡ, ਮਹਾਰਾਸ਼ਟਰ ਅਤੇ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਦਿੱਲੀ ਵਿਚ ਵੀ ਅਗਲੇ ਸਾਲ ਦੇ ਸ਼ੁਰੂ ਵਿਚ ਚੋਣਾਂ ਹੋਣੀਆਂ ਹਨ। ਇਸ ਦੇ ਨਾਲ ਹੀ ਯੂ. ਪੀ. 'ਚ 2027 ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ।

**ਸੰਘ ਦੀ ਕੀ ਹੋਵੇਗੀ ਭੂਮਿਕਾ:**

ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਰਾਜੀਵ ਰੰਜਨ ਗਿਰੀ ਦੇ ਹਵਾਲੇ ਨਾਲ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਜਪਾ ਭਾਵੇਂ ਹੀ ਇਕ ਸਿਆਸੀ ਪਾਰਟੀ ਹੈ ਪਰ ਸੰਗਠਨ 'ਚ ਹਮੇਸ਼ਾ ਸੰਘ ਦੀ ਹੀ ਚਲਦੀ ਹੈ ਕਿਉਂਕਿ ਇਸ ਨੂੰ ਚਲਾਉਣ ਵਾਲੇ ਲੋਕ ਜ਼ਿਆਦਾਤਰ ਸੰਘ ਨਾਲ ਜੁੜੇ ਹੋਏ ਹਨ। ਮੋਹਨ ਭਾਗਵਤ ਨੇ ਹਾਲ ਹੀ 'ਚ ਬਿਆਨ ਦਿੱਤਾ ਸੀ ਕਿ ਸੱਚਾ ਸੇਵਕ ਮਰਿਆਦਾ ਦਾ ਪਾਲਣ ਕਰਦਾ ਹੈ।

ਜਿਸ 'ਚ ਮੈਂ ਕੀਤੇ ਦਾ ਮਤਲਬ ਨਹੀਂ ਹੁੰਦਾ, ਹੰਕਾਰ ਨਹੀਂ ਹੁੰਦਾ, ਸਿਰਫ ਉਹੀ ਵਿਅਕਤੀ ਸਹੀ ਅਰਥਾਂ 'ਚ ਸੇਵਕ ਅਖਵਾਉਣ ਦਾ ਅਧਿਕਾਰੀ ਹੁੰਦਾ ਹੈ। ਮੰਨਿਆ ਜਾ ਰਿਹਾ ਹੈ ਕਿ ਪਾਰਟੀ ਲੀਡਰਸ਼ਿਪ ਨੂੰ ਲੈ ਕੇ ' ਭਾਗਵਤ ਦਾ ਇਹ ਬਿਆਨ ਕਾਫੀ ਅਹਿਮ ਹੈ। ਅਜਿਹੇ 'ਚ ਆਉਣ ਵਾਲੇ ਸਮੇਂ 'ਚ ਪਾਰਟੀ ਪ੍ਰਧਾਨ ਦੀ ਚੋਣ 'ਚ ਸੰਘ ਦੀ ਭੂਮਿਕਾ ਨੂੰ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ। ਭਾਜਪਾ ਨੂੰ ਆਰ. ਐੱਸ . ਐੱਸ. ਦਾ ਸਿਆਸੀ ਸੰਗਠਨ ਮੰਨਿਆ ਜਾਂਦਾ ਹੈ, ਇਸ ਲਈ ਸੰਘ ਨਹੀਂ ਚਾਹੇਗਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦਾ ਪ੍ਰਦਰਸ਼ਨ ਖਰਾਬ ਹੋਵੇ।

**ਪਹਿਲਾਂ ਸੂਬਿਆਂ 'ਚ ਹੋਣਗੀਆਂ ਸੰਗਠਨ ਚੋਣਾਂ:** ਭਾਜਪਾ ਆਪਣੇ ਨਵੇਂ ਪ੍ਰਧਾਨ ਦੀ ਚੋਣ ਤੋਂ ਪਹਿਲਾਂ ਇਕ ਨਵੀਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰੇਗੀ ਅਤੇ ਉਸ ਤੋਂ ਬਾਅਦ ਸੂਬਿਆਂ 'ਚ ਸੰਗਠਨ ਚੋਣਾਂ ਕਰਵਾਏਗੀ। ਦਰਅਸਲ ਤੈਅ ਨਿਯਮਾਂ ਮੁਤਾਬਕ ਪ੍ਰਧਾਨ ਚੁਣਨ ਤੋਂ ਪਹਿਲਾਂ ਘੱਟੋ-ਘੱਟ 50 ਫੀਸਦੀ ਸੂਬਿਆਂ 'ਚ ਪਾਰਟੀ ਸੰਗਠਨ ਦੀਆਂ ਚੋਣਾਂ ਕਰਵਾਉਣੀਆਂ ਜ਼ਰੂਰੀ ਹਨ।

ਅਜਿਹੇ ਹਾਲਾਤ 'ਚ ਨੱਡਾ ਦਾ ਕਾਰਜਕਾਲ ਵਧਾਇਆ ਜਾਵੇਗਾ ਜਾਂ ਫਿਰ ਕਿਸੇ ਨੇਤਾ ਨੂੰ ਫਿਲਹਾਲ ਕਾਰਜਕਾਰੀ ਪ੍ਰਧਾਨ ਬਣਾਇਆ ਜਾ ਸਕਦਾ ਹੈ। ਭਾਜਪਾ ਨੇ ਹਾਲ ਹੀ ਵਿਚ ਆਪਣੇ ਸੰਵਿਧਾਨ ਵਿਚ ਸੋਧ ਕਰ ਕੇ ਪਾਰਟੀ ਦੀ ਸਿਖਰਲੀ ਸੰਸਥਾ ਸੰਸਦੀ ਬੋਰਡ ਨੂੰ ਐਮਰਜੈਂਸੀ ਦੀ ਸਥਿਤੀ ਵਿਚ ਪ੍ਰਧਾਨ ਦਾ ਕਾਰਜਕਾਲ ਵਧਾਉਣ ਸਮੇਤ ਹੋਰ ਮਹੱਤਵਪੂਰਨ ਫੈਸਲੇ ਲੈਣ ਦਾ ਅਧਿਕਾਰ ਦਿੱਤਾ ਹੈ। ਭਾਜਪਾ 'ਚ ਇਸ ਤਰ੍ਹਾਂ ਚੁਣਿਆ ਜਾਂਦਾ ਹੈ ਪ੍ਰਧਾਨ

ਭਾਜਪਾ ਦੇ ਸੰਵਿਧਾਨ ਅਨੁਸਾਰ ਰਾਸ਼ਟਰੀ ਪ੍ਰਧਾਨ ਦੀ ਚੋਣ ਪਾਰਟੀ ਦੇ ਇਕ ਇਲੈਕਟੋਰਲ ਕਾਲਜ ਵੱਲੋਂ ਕੀਤੀ ਜਾਂਦੀ ਹੈ। ਇਲੈਕਟੋਰਲ ਕਾਲਜ 'ਚ ਰਾਸ਼ਟਰੀ ਅਤੇ ਸੂਬਾ ਕੌਂਸਲਾਂ ਦੇ ਮੈਂਬਰ ਹੁੰਦੇ ਹਨ। ਕਿਸੇ ਸੂਬੇ ਦੇ ਇਲੈਕਟੋਰਲ ਕਾਲਜ ਦੇ ਕੋਈ ਵੀ 20 ਮੈਂਬਰ ਅਜਿਹੇ ਵਿਅਕਤੀ ਨੂੰ ਪ੍ਰਸਤਾਵਿਤ

ਕਰ ਸਕਦੇ ਹਨ ਜੋ ਘੱਟੋ-ਘੱਟ 4 ਵਾਰ ਸਰਗਰਮ ਮੈਂਬਰ ਰਿਹਾ ਹੋਵੇ। ਨਾਲ ਹੀ, ਉਨ੍ਹਾਂ ਦੀ ਮੈਂਬਰਸ਼ਿਪ ਘੱਟੋ-ਘੱਟ 15 ਸਾਲ ਲਈ ਹੋਣੀ ਚਾਹੀਦੀ ਹੈ। ਕੋਈ ਵੀ ਸੰਯੁਕਤ ਪ੍ਰਸਤਾਵ ਘੱਟੋ- ਘੱਟ 5 ਸੂਬਿਆਂ ਤੋਂ ਆਉਣਾ ਚਾਹੀਦਾ ਹੈ ਜਿੱਥੇ ਰਾਸ਼ਟਰੀ ਪ੍ਰੀਸ਼ਦ ਦੀਆਂ ਚੋਣਾਂ ਪੂਰੀਆਂ ਹੋ ਚੁੱਕੀਆਂ ਹਨ।

# ਕਾਂਸਟੇਬਲ ਕੁਲਵਿੰਦਰ ਕੌਰ ਦੀ ਮਾਤਾ ਨੇ ਖੁੱਲ੍ਹ ਕੇ ਆਪਣੀ ਧੀ ਦੇ ਹੱਕ 'ਚ ਬੋਲਦਿਆਂ ਕਿਹਾ-'ਮੇਰੀ ਧੀ ਨੂੰ ਜ਼ਰੂਰ ਕੰਗਨਾ ਨੇ ਉਕਸਾਇਆ ਹੋਵੇਗਾ'

**ਸੁਲਤਾਨਪੁਰ ਲੋਧੀ:** ਭਾਜਪਾ ਦੀ ਸੰਸਦ ਮੈਂਬਰ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਨੂੰ ਥੱਪੜ ਮਾਰਨ ਵਾਲੀ ਸੀਆਈਐੱਸਐੱਫ ਕਾਂਸਟੇਬਲ ਕੁਲਵਿੰਦਰ ਕੌਰ ਦੀ ਮਾਤਾ ਵੀਰ ਕੌਰ ਨੇ ਖੁੱਲ੍ਹ ਕੇ ਆਪਣੀ ਧੀ ਦੇ ਹੱਕ 'ਚ ਬੋਲਦਿਆਂ ਪ੍ਰੈੱਸ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੇਰੀ ਧੀ ਅਜਿਹਾ ਨਹੀਂ ਕਰ ਸਕਦੀ, ਜ਼ਰੂਰ ਉਸਨੂੰ ਕੰਗਨਾ ਨੇ ਉਕਸਾਇਆ ਹੋਵੇਗਾ ਜਾਂ ਮਾੜੀ ਸ਼ਬਦਾਵਲੀ ਬੋਲ ਕੇ ਮਜਬੂਰ ਕੀਤਾ ਹੋਵੇਗਾ।

ਬੀਬੀ ਵੀਰ ਕੌਰ ਨੇ ਕਿਹਾ ਕਿ ਸਾਡੇ ਪਰਿਵਾਰ ਦਾ ਪਿਛੋਕੜ ਦੇਸ਼ ਭਗਤੀ ਵਾਲਾ ਰਿਹਾ ਹੈ ਤੇ ਦੇਸ਼ ਦੀ ਆਜ਼ਾਦੀ ਵਿਚ ਸਾਡੇ ਪਰਿਵਾਰਕ ਮੈਂਬਰਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਦਿੱਲੀ 'ਚ ਉਹ ਖ਼ੁਦ ਕਿਸਾਨ ਅੰਦੋਲਨ ਦਾ ਹਿੱਸਾ ਰਹੀ ਹੈ ਅਤੇ ਕਿਸਾਨਾਂ ਦੇ ਹੱਕ ਵਿਚ ਆਵਾਜ਼ ਉਠਾਈ ਸੀ। ਉਹਨਾਂ ਕਿਹਾ ਕਿ ਕੋਈ ਧੀ ਕਿਵੇਂ ਬਰਦਾਸ਼ਤ ਕਰਦੀ ਹੈ ਕਿ ਉਸ ਦੀ ਮਾਂ ਨੂੰ ਕੋਈ ਵੀ ਮਾੜੇ ਸ਼ਬਦ ਬੋਲੇ। ਉਹਨਾਂ ਕਿਹਾ ਕਿ ਕੰਗਨਾ ਨੇ ਇਹ ਕਿਵੇਂ ਕਿਹਾ ਕਿ ਜੋ ਧਰਨੇ 'ਤੇ ਬੀਬੀਆਂ ਜਾਂਦੀਆਂ ਹਨ ਉਹਨਾਂ ਸਾਰਿਆਂ ਨੂੰ 100-100 ਰੁਪਏ ਦੇ ਕੇ ਦਿਹਾੜੀ 'ਤੇ ਲਿਜਾਇਆ ਜਾਂਦਾ ਹੈ। ਕੰਗਨਾ ਨੂੰ ਕੀ ਹੱਕ ਹੈ ਸਾਡੇ ਵਿਰੁੱਧ ਬੋਲਣ ਦਾ।

ਇਸ ਮੌਕੇ ਕੁਲਵਿੰਦਰ ਕੌਰ ਦੇ ਭਰਾ ਤੇ ਕਿਸਾਨ ਆਗੂ ਸ਼ੇਰ ਸਿੰਘ ਮਹੀਂਵਾਲ ਨੇ ਕਿਹਾ ਕਿ ਅਜੇ ਤੱਕ ਸਾਨੂੰ ਕੋਈ ਅਪਡੇਟ ਨਹੀਂ ਮਿਲੀ। ਹਾਲੇ ਤੱਕ ਕੁਲਵਿੰਦਰ ਕੌਰ ਨਾਲ ਉਹਨਾਂ ਦਾ ਕੋਈ ਸੰਪਰਕ ਨਹੀਂ ਹੋ ਸਕਿਆ ਜਿਸ ਕਾਰਨ ਉਹ ਕੁਝ ਵੀ ਕਹਿ ਨਹੀਂ ਸਕਦੇ। ਉਹਨਾਂ ਕਿਹਾ ਕਿ ਕੁਲਵਿੰਦਰ ਕੌਰ ਆਪਣੇ ਹੀ ਸਟਾਫ ਦੇ ਅਧਿਕਾਰੀਆਂ ਦੀ ਹਿਰਾਸਤ ਵਿਚ ਹੈ ਤੇ ਫਿਕਰ ਵਾਲੀ ਕੋਈ ਗੱਲ ਨਹੀਂ ਹੈ।







WESTERN COMMUNITY COLLEGE

Proudly
Graduated
7000+
Students

Since 2012

Health Care Assitant

Community Support Worker

Pharmacy Assistant Program

Dental Assistant

Business Management

Education Assistant

AND MORE...

CLOSE TO **50 PROGRAMS** & **3 CAMPUS** LOCATIONS TO SERVE THE COMMUNITY

WCC.CA

**Abbotsford, BC**
Unit 201, 3670 Townline Rd
Abbotsford, BC V2T 5W8
Tel : 604.776.1301

**Surrey, BC**
Unit 201 8318 120 St
Surrey, BC V3W 3N4
Tel : 604.594.3500

**South Surrey, BC**
Unit 204, 15850 24 Ave,
Surrey, BC V3Z 0G1
Tel : 604.594.3500


happy father's day!
SABZI MANDI SUPERMARKET
Serving our Community since 2003
HOT PRICE
FRESH METHI
ਮੇਥੀ
Bunch
1.69 ea
HOT PRICE
INDIAN KARELA
ਦੇਸੀ ਕਰੇਲੇ
1.49 /lb
HOT PRICE
FRESH TOMATOES
ਟਮਾਟਰ
99¢ /lb
HOT PRICE
US #1 SPINACH
ਪਾਲਕ
Bunch
1.39 ea
BROWN SUGAR
ਭੂਰੀ ਖੰਡ
8lb
7.99 ea
UNBEATABLE DEAL
LEHAR GACHAK
ਲੇਹਰ ਗੱਚਕ
400g
2.99 ea
SEEDLESS WATERMELON
ਮੱਤੀਰਾ
79¢ /lb
MERI CHAI TEA
ਮੇਰੀ ਚਾਹ
216's
5.99 ea
US #1 POTATOES
ਆਲੂ
10lb
3.99 ea
TATA AGNI TEA
ਟਾਟਾ ਅੱਗਣੀ ਚਾਹ
1kg
9.99 ea
VERKA DESI GHEE
ਵੇਰਕਾ ਦੇਸੀ ਘਿਉ
3kg
41.99 ea
SHUDH MUSTARD OIL
ਸ਼ੁਧ ਸਰੋਂ ਦਾ ਤੇਲ
1L
6.99 ea
DANIMA COOKIES
ਡਾਨਿਮਾ ਕੁਕੀਆਂ
400g
2.99 ea
#1 YELLOW ONIONS
#1 ਪੀਲੇ ਗੰਢੇ
50lb
18.99 ea
ROYAL 6-COMPARTMENT PARTY TRAYS
ਰੋਯਲ ਪਾਰਟੀ ਪਲੇਟ
40 pack
6.99 ea
HEER WHOLE WHEAT FLOUR
ਹੀਰ ਹੋਲ ਵ੍ਹੀਟ ਆਟਾ
20lb
12.99 ea
ROSHNI GUR
ਰੋਸ਼ਨੀ ਗੁੜ
1kg
3.99 ea
CROWN SUNFLOWER OIL
ਕਰਾਊਨ ਸੂਰਜਮੁਖੀਆ ਤੇਲ
1L
3.99 ea
PINK LADY APPLES
ਪਿੰਕ ਲੇਡੀ ਸੇਬ
99¢ /lb
HAPPY DAIRY PANEER
ਹੈਪੀ ਡੈਰੀ ਪਨੀਰ
300g
4.49 ea
MOONG WHOLE & WASHED, MOTH, WHITE CHANA AND LIGHT RED KIDNEY HEER DAALS
4lb
5.99 ea
US#1 WALNUT HALVES
ਅਖਰੋਟ
6.99 /lb
US #1 ALMONDS
ਬਦਾਮ
3.99 /lb
LARGE SEEDLESS ORANGES
ਵੱਡੇ ਸੰਗਤਰੇ
99¢ /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. June 14, 2024 - Wed. June 19, 2024
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
ABBOTSFORD: 2777 Gladwin Road, Abbotsford 604-744-2077
BURNABY: 7565 6th Street, Burnaby 604-553-6603
PITT MEADOWS: 12169 Harris Rd, Pitt Meadows 604-459-8410
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912